# ਪਾਠ 11 ਭਾਰਤੀ ਸ਼ਹਿਰੀ ਦੇ ਮੂਲ ਕਰਤੱਵ

## ਪਾਠ ਦੀ ਰੂਪ ਰੇਖਾ


11.0 ਮਨੋਰਥ
11.1 ਭੂਮਿਕਾ
11.2 ਮੂਲ ਕਰਤੱਵ ਤੇ ਨਿਰਦੇਸ਼ਕ ਸਿਧਾਂਤ
11.3 ਮੂਲ ਕਰਤੱਵ ਤੇ ਮੂਲ ਅਧਿਕਾਰ
11.4 ਮੂਲ ਕਰਤੱਵਾਂ ਦੀ ਸੂਚੀ
11.5 ਮੂਲ ਕਰਤੱਵਾਂ ਦਾ ਸੰਖੇਪ ਵਰਣਨ
11.6 ਮੂਲ ਕਰਤੱਵਾਂ ਦਾ ਮੂਲ ਮੁੱਦਾ
11.7 ਸਾਰ
11.8 ਭਾਸ਼ਾ ਸੰਬੰਧੀ
11.8.1 ਬਹੁ ਅਰਥਕ ਸ਼ਬਦ
11.8.2 ਵਾਕ-ਵਟਾਂਦਰਾ
11.8.3 ਵਿਸ਼ੇਸ਼ਣ
11.9 ਸਹਾਇਕ ਪੁਸਤਕਾਂ
11.10 ਅਭਿਆਸਾਂ ਦੇ ਉੱਤਰ


## 11.0 ਮਨੋਰਥ

ਭਾਰਤੀ ਸੰਵਿਧਾਨ ਦੇ ਇੱਕ ਬਹੁਤ ਹੀ ਅਹਿਮ ਹਿੱਸੇ, ਅਰਥਾਤ ਮੂਲ ਕਰਤੱਵਾਂ, ਨਾਲ ਤੁਹਾਡੀ ਲੋੜੀਂਦੀ ਜਾਣ-ਪਛਾਣ ਕਰਵਾਉਣਾ ਹੀ ਇਸ ਪਾਠ ਦਾ ਇਕੋ-ਇੱਕ ਮੰਤਵ ਹੈ। ਕਿਸੇ ਵੀ ਭਾਰਤੀ ਨਾਗਰਿਕ ਲਈ ਸੰਤੁਲਿਤ ਜੀਵਨ ਜੀਉਣ ਲਈ ਇਨ੍ਹਾਂ ਮੂਲ ਕਰਤੱਵਾਂ ਦੀ ਜਾਣਕਾਰੀ ਦੇ ਨਾਲ ਨਾਲ ਇਨ੍ਹਾਂ ਨੂੰ ਅਮਲ ਵਿਚ ਲਿਆਉਣਾ ਵੀ ਜ਼ਰੂਰੀ ਹੈ। ਕਾਰਨ ਇਹ ਕਿ ਅਕਸਰ, ਸਾਡੀ ਨਜ਼ਰ ਮੂਲ ਅਧਿਕਾਰਾਂ ਉੱਪਰ ਹੀ ਟਿੱਕੀ ਰਹਿੰਦੀ ਹੈ। ਜਦ ਕਿ, ਕਰਤੱਵ ਤੇ ਅਧਿਕਾਰ ਇੱਕੋ ਹੀ ਸਿੱਕੇ ਦੇ ਦੋ ਪਾਸੇ ਹੁੰਦੇ ਹਨ। ਜਿਵੇਂ ਨਾਗਰਿਕ ਦੇ ਜੀਵਨ ਨੂੰ ਸਾਂਵਾ ਬਣਾਉਣ ਲਈ ਮੂਲ ਕਰਤੱਵ ਨਿਸਚਿਤ ਕੀਤੇ ਗਏ ਹਨ, ਉਸੇ ਤਰ੍ਹਾਂ ਰਾਜਾਂ ਨੂੰ ਵੀ ਨਿਰਦੇਸ਼ਕ ਸਿੱਧਾਂਤ ਦੇ ਰੂਪ ਵਿਚ ਕੁੱਝ ਹਦਾਇਤਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਅਮਲ ਵਿਚ ਲਿਆਉਣ ਨਾਲ ਨਾਗਰਿਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਇਆ ਜਾ ਸਕਦਾ ਹੈ। ਕਾਨੂੰਨ ਦੇ ਅੰਤਰਗਤ ਜੀਵਨ ਜੀਉਣ ਦੀ ਖੁਲ੍ਹ ਹੀ ਜੀਵਨ ਵਿਚ ਵਿਕਾਸ ਤੇ ਖੁਸ਼ਹਾਲੀ ਲਿਆ ਸਕਦੀ ਹੈ।

## 11.1 ਭੂਮਿਕਾ

ਮੂਲ ਕਰਤੱਵਾਂ ਬਾਰੇ ਖ਼ਾਸ ਤੌਰ ਉੱਤੇ ਜਾਣਨ ਵਾਲੀ ਗੱਲ ਇਹ ਹੈ ਕਿ ਸੰਵਿਧਾਨ ਸਭਾ ਦੀ ਨਵੰਬਰ 1949 ਦੀ ਬੈਠਕ ਵਿਚ ਅੰਗੀਕਾਰ ਕੀਤੇ ਗਏ ਸੰਵਿਧਾਨ ਵਿਚ ਇਹ ਪ੍ਰਾਪਤ ਨਹੀਂ ਹਨ। ਬਲਕਿ, ਕਾਫ਼ੀ ਵਰ੍ਹਿਆਂ ਮਗਰੋਂ ਇਨ੍ਹਾਂ ਮੂਲ ਕਰਤੱਵਾਂ ਨੂੰ ਭਾਰਤੀ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ। ਕਾਫ਼ੀ ਚਿਰ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਜਿੱਥੇ ਭਾਰਤੀ ਨਾਗਰਿਕ ਨੂੰ ਮੂਲ ਅਧਿਕਾਰ ਪ੍ਰਾਪਤ ਹਨ ਉਥੇ ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਉੱਪਰ ਕੁੱਝ ਕਰਤੱਵ ਵੀ ਲਾਗੂ ਕੀਤੇ ਜਾਣ। ਇਸੇ ਤਰ੍ਹਾਂ ਦੇ ਵਿਚਾਰਾਂ ਨੂੰ ਮੁੱਖ ਰਖਦਿਆਂ ਸਰਕਾਰ ਨੇ 'ਸਵਰਨ ਸਿੰਘ ਕਮੇਟੀ' ਦਾ ਗਠਨ ਕੀਤਾ। ਮੂਲ ਕਰਤੱਵਾਂ ਨੂੰ ਸ਼ਵਰਨ ਸਿੰਘ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਫਲਸਰੂਪ ਹੀ ਭਾਰਤੀ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ ਸੀ। ਸੰਵਿਧਾਨ ਵਿਚ ਕਿਸੇ ਵੀ ਤਰ੍ਹਾਂ ਦੀ ਸੋਧ ਲਈ ਬਾਕਾਇਦਾ ਨੇਮ ਨਿਸ਼ਚਿਤ ਹਨ। ਜਦੋਂ ਵੀ ਕੋਈ ਸੁਧਾਈ ਕਰਨੀ ਹੁੰਦੀ ਹੈ ਸਭ ਤੋਂ ਪਹਿਲਾਂ ਅਜਿਹੀਆਂ ਸਿਫ਼ਾਰਸ਼ਾਂ ਕਿਸੇ ਕਮੇਟੀ ਦੇ ਸੁਝਾਉ ਜਾਂ ਬਿਲ ਦੇ ਰੂਪ ਵਿਚ, ਲੋਕ-ਸਭਾ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ। ਫੇਰ, ਉਨ੍ਹਾਂ ਉਪਰ ਬਾਕਾਇਦਾ ਬਹਿਸ ਹੁੰਦੀ ਹੈ। ਬਾਅਦ ਵਿਚ ਇਨ੍ਹਾਂ ਨੂੰ ਲੋੜੀਂਦੀ ਬਹੁ ਗਿਣਤੀ ਪ੍ਰਾਪਤ ਹੋਣ ਮਗਰੋਂ ਹੀ ਸੰਵਿਧਾਨ ਵਿਚ ਸੁਧਾਈ ਦੇ ਰੂਪ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ। ਮੂਲ ਕਰਤੱਵਾਂ ਸੰਬੰਧੀ ਨੇਮ ਅਧੀਨ, ਸਵਰਨ ਸਿੰਘ ਕਮੇਟੀ ਦੀਆਂ ਸਿਫ਼ਾਰਸ਼ਾਂ, ਅਕਤੂਬਰ 1976 ਵਿਚ ਬਹਿਸ ਲਈ, ਲੋਕ-ਸਭਾ ਵਿਚ ਪੇਸ਼ ਕੀਤੀਆਂ ਗਈਆਂ ਸਨ। ਇਸ ਬਹਿਸ ਦੇ ਦੌਰਾਨ 28 ਅਕਤੂਬਰ, 1976 ਵਾਲੇ ਦਿਨ ਹੋਈ ਬਹਿਸ ਵਿਚ ਹਿੱਸਾ ਲੈਂਦਿਆਂ (ਓਦੋਂ) ਪ੍ਰਧਾਨ ਮੰਤਰੀ ਸ੍ਰੀਮਤੀ ਇੰਦਿਰਾ ਗਾਂਧੀ ਨੇ ਇਹ ਕਿਹਾ ਸੀ ਕਿ ਮੂਲ ਕਰਤੱਵਾਂ ਦਾ ''ਮੁੱਦਾ, ਅਧਿਕਾਰਾਂ ਦਾ ਦਮ ਘੁਟਣਾ ਨਹੀਂ ਬਲਕਿ ਜਮਹੂਰੀ ਸੰਤੁਲਨ ਕਾਇਮ ਕਰਨਾ ਹੈ।'' ਜ਼ਰੂਰੀ ਹੈ ਕਿ ਲੋਕਾਂ ਦੇ ਮਨਾਂ ਵਿਚ ਅਧਿਕਾਰਾਂ ਦੇ ਨਾਲ ਨਾਲ ਕਰਤੱਵਾਂ ਬਾਰੇ ਚੇਤਨਾ ਵੀ ਪੈਦਾ ਕੀਤੀ ਜਾਵੇ। ਭਾਰਤੀ ਸੰਵਿਧਾਨ ਦੇ ਚੌਥੇ ੳ ਭਾਗ ਵਿਚ, ਜਿਸ ਵਿਚ ਮੂਲ ਕਰਤੱਵ ਅੱਜ ਪ੍ਰਾਪਤ ਹਨ, ਇਨ੍ਹਾਂ ਨੂੰ ਸੰਵਿਧਾਨ ਦੀ ਐਕਟ 1976 ਦੇ ਅੰਤਰਗਤ ਸ਼ਾਮਿਲ ਕੀਤਾ ਗਿਆ ਸੀ।

## 11.2 ਮੂਲ ਕਰਤੱਵ ਤੇ ਨਿਰਦੇਸ਼ਕ ਸਿੱਧਾਂਤ

ਅਸੀਂ ਇਸੇ ਪਾਠ ਦੀ ਭੂਮਿਕਾ ਵਿਚ ਮੰਤਵ ਨਿਸ਼ਚਿਤ ਕਰਦਿਆਂ, ਰਾਜਾਂ ਨੂੰ ਨਿਰਦੇਸ਼ਕ ਸਿਧਾਂਤਾਂ ਦੇ ਰੂਪ ਵਿਚ ਹਦਾਇਤਾਂ ਵੱਲ ਸਾਂਝਾ ਜਿਹਾ ਸੰਕੇਤ ਕੀਤਾ ਸੀ। ਭਾਰਤੀ ਨਾਗਰਿਕ ਲਈ ਜਿਵੇਂ ਤੇ ਜਿਸ ਰੂਪ ਵਿਚ ਮੂਲ ਕਰਤੱਵ ਮਹੱਤਤਾ ਰਖਦੇ ਹਨ ਉਸੇ ਰੂਪ ਵਿਚ ਰਾਜਾਂ ਲਈ ਨਿਰਦੇਸ਼ਕ ਸਿਧਾਂਤਾਂ ਨੂੰ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਮੂਲ ਕਰਤੱਵਾਂ ਦੀ ਠੀਕ ਠੀਕ ਜਾਣਕਾਰੀ ਲਈ ਇਨ੍ਹਾਂ ਉੱਪਰ ਨਿਰਦੇਸ਼ਕ ਸਿੱਧਾਂਤਾਂ ਦੇ ਪ੍ਰਸੰਗ ਵਿਚ, ਵਿਚਾਰ ਕਰਨਾ ਲਾਭਦਾਇਕ ਹੋ ਸਕਦਾ ਹੈ।

ਮੂਲ ਕਰਤੱਵਾਂ ਦੀ ਮੁਕੰਮਲ ਸੂਚੀ ਤੇ ਇਨ੍ਹਾਂ ਉੱਪਰ ਵਿਸਤਾਰਪੂਰਵਕ ਚਰਚਾ ਅਸੀਂ ਅੱਗੇ ਚਲ ਕੇ ਕਰਾਂਗੇ। ਇਥੇ ਅਸੀਂ ਨਿਸ਼ਚਿਤ ਪ੍ਰਸੰਗ ਦੀਆਂ ਲੋੜਾਂ ਨੂੰ ਹੀ ਸਾਹਮਣੇ ਰਖ ਕੇ ਮੂਲ ਕਰਤੱਵਾਂ ਬਾਰੇ ਉਦਾਹਰਣ ਵਜੋਂ, ਜ਼ਿਕਰ ਕਰਾਂਗੇ।

ਮਿਸਾਲ ਦੇ ਤੌਰ ਉੱਤੇ ਪਹਿਲਾ ਮੂਲ ਕਰਤੱਵ ਇਹ ਹੈ ਕਿ ਹਰ ਨਾਗਰਿਕ, "ਸੰਵਿਧਾਨ ਦਾ ਪਾਬੰਦ ਰਹੇ ਅਤੇ ਇਸ ਦੇ ਆਦਰਸ਼ਾਂ ਅਤੇ ਸੰਸਥਾਵਾਂ, ਕੌਮੀ ਝੰਡੇ ਅਤੇ ਕੌਮੀ ਗੀਤ ਦਾ ਆਦਰ ਕਰੇ।" ਪਰ, ਜੇ ਕੋਈ ਨਾਗਰਿਕ ਇਨ੍ਹਾਂ ਵਿਚੋਂ ਕਿਸੇ ਇਕ ਦਾ ਵੀ ਅਨਾਦਰ ਕਰਦਾ ਹੈ ਤਾਂ ਉਹ ਕਿਸੇ ਸਜ਼ਾ ਦਾ ਭਾਗੀ ਨਹੀਂ। ਮੂਲ ਕਰਤਵਾਂ ਨੂੰ ਅੰਗੀਕਾਰ ਕਰਨ ਤੋਂ ਪਹਿਲਾਂ ਹੋਈ ਬਹਿਸ ਦੇ ਦੌਰਾਨ ਕੁਝ ਮੈਂਬਰਾਂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਸੀ ਕਿ ਇਨ੍ਹਾਂ ਕਰਤੱਵਾਂ ਦੀ ਉਲੰਘਣਾ ਕਰਨ ਵਾਲੇ ਨਾਗਰਿਕ ਨੂੰ ਸਜ਼ਾ ਦੇਣ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ, ਪਰ ਇਨ੍ਹਾਂ ਦੀ ਸਿਫ਼ਾਰਸ਼ ਰੱਦ ਕਰ ਦਿੱਤੀ ਗਈ ਸੀ। ਹਾਂ, ਇਸ ਸੰਬੰਧ ਵਿਚ ਇਹ ਮੰਗ ਸਵੀਕਾਰ ਕਰ ਲਈ ਗਈ ਸੀ ਕਿ ਰਾਜ ਇਨ੍ਹਾਂ ਮੂਲ ਕਰਤੱਵਾਂ ਦੀ ਉਲੰਘਣਾ ਕਰਨ ਬਾਰੇ ਕਾਨੂੰਨ ਬਣਾ ਸਕਦੇ ਹਨ। ਅਜਿਹੇ ਬਣਾਏ ਗਏ ਕਾਨੂੰਨਾਂ ਦੇ ਅੰਤਰਗਤ ਹੀ ਇਨ੍ਹਾਂ ਦੀ ਉਲੰਘਣਾ ਕਰਨ ਉੱਤੇ ਸਜ਼ਾ ਦਿੱਤੀ ਜਾ ਸਕਦੀ ਹੈ। ਮਿਸਾਲ ਦੇ ਤੌਰ ਉੱਤੇ, ਸੰਵਿਧਾਨ ਦਾ ਸਾੜਨਾ ਜਾਂ ਕੌਮੀ ਝੰਡੇ ਦਾ ਪਾੜਨਾ , ਉਸੇ ਹਾਲਤ ਵਿਚ ਕਾਨੂੰਨੀ ਜੁਰਮ ਹੈ ਜੇ ਇਸ ਸੰਬੰਧ ਵਿਚ ਕੋਈ ਕਾਨੂੰਨ ਬਣਾਇਆ ਗਿਆ ਹੋਵੇ। ਅਜਿਹੇ ਕਾਨੂੰਨ ਦੀ ਅਣਹੋਂਦ ਵਿਚ ਇਹ ਹਰਕਤ, ਕੇਵਲ, ਮੂਲ ਕਰਤੱਵ ਦੀ ਉਲੰਘਣਾ ਹੀ ਖ਼ਿਆਲ ਕੀਤੀ ਜਾਵੇਗੀ। ਇਸ ਗੱਲ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ, (ਕਿ ਮੰਨ ਲਿਆ ਕੋਈ ਕਾਨੂੰਨ ਨਾ ਹੋਵੇ) ਤਾਂ ਵੀ, ਉਲੰਘਣਾ ਦਾ ਮਨ ਉੱਤੇ ਭਾਰ ਪੈਣਾ ਬੜਾ ਹੀ ਸੁਭਾਵਕ ਹੈ। ਅਸਲ ਵਿਚ, ਉਲੰਘਣਾ ਸਮੇਂ ਮਨ ਉੱਤੇ ਅਜਿਹੇ ਪੈਂਦੇ ਪ੍ਰਭਾਵ ਨੂੰ ਹੀ ਮੁੱਖ ਰਖਦਿਆਂ, ਮੂਲ ਕਰਤੱਵਾ ਨੂੰ ਕਾਨੂੰਨੀ ਜੁਰਮ ਦੀ ਮਾਰ ਤੋਂ ਬਾਹਰ ਰਖਿਆ ਗਿਆ ਸੀ। ਲੋੜ ਇਨ੍ਹਾਂ ਕਰਤਵਾਂ ਨੂੰ ਮਨੋਂ ਸਵੀਕਾਰ ਕਰਨ ਦੀ ਹੈ, ਜਿਸ ਤੋਂ ਬਿਨਾਂ ਇਨ੍ਹਾਂ ਨੂੰ ਅਮਲ ਵਿਚ ਲਿਆਉਣਾ ਸੰਭਵ ਨਹੀਂ ਹੁੰਦਾ। ਮੂਲ ਕਰਤੱਵਾਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਉਣਾ ਜਾਂ ਨਾ ਲਿਆਉਣਾ ਇਸ ਫ਼ੈਸਲੇ ਨੂੰ ਰਾਜਾਂ ਦੀ ਮਰਜ਼ੀ ਉੱਤੇ ਛੱਡ ਦਿੱਤਾ ਗਿਆ। ਕਾਨੂੰਨ ਜ਼ਰੂਰੀ ਹਨ ਇਨ੍ਹਾਂ ਤੋਂ ਬਿਨਾਂ ਗੱਲ ਨਹੀਂ ਬਣਦੀ। ਪਰ, ਕਾਨੂੰਨ ਹੀ ਹਰ ਮਰਜ਼ ਦਾ ਇਲਾਜ ਨਹੀਂ ਹੈ। ਲੋੜ, ਨਾਗਰਿਕਾਂ ਦੀ ਚੇਤਨਾ ਨੂੰ ਨਵੇਂ ਸਿਰਿਉਂ ਘੜਨ ਦੀ ਹੈ। ਮੂਲ ਕਰਤੱਵਾਂ ਨੂੰ ਜਦੋਂ ਕਾਨੂੰਨ ਦੇ ਘੇਰੇ ਤੋਂ ਬਾਹਰ ਰਖਿਆ ਗਿਆ, ਉਦੋਂ ਸ਼ਾਇਦ ਏਹੀ ਧਾਰਨਾ ਕੰਮ ਕਰ ਰਹੀ ਸੀ।

ਰਾਜਾਂ ਨੂੰ ਨਿਰਦੇਸ਼ਕ ਸਿੱਧਾਂਤਾਂ ਦੇ ਰੂਪ ਵਿਚ ਦਿੱਤੀਆਂ ਗਈਆਂ ਹਦਾਇਤਾਂ (ਜਾਂ ਸੁਝਾਵਾਂ) ਦਾ ਵੀ, ਮੂਲ ਕਰਤੱਵਾਂ ਵਾਂਗ ਹੀ ਕੋਈ ਕਾਨੂੰਨੀ ਦਰਜਾ ਨਹੀਂ ਹੈ। ਇਹ ਵੀ ਰਾਜਾਂ ਉਪਰ ਸਦਾਚਾਰਕ ਦਬਾਉ ਦਾ ਹੀ ਕੰਮ ਕਰਦੇ ਹਨ। ਭਾਰਤੀ ਸੰਵਿਧਾਨ ਦੇ ਚੌਥੇ ਭਾਗ, ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਦੇ ਅੰਤਰਗਤ, ਇਨ੍ਹਾਂ ਸਿੱਧਾਂਤਾਂ ਦੀ ਸੂਚੀ ਦਿੱਤੀ ਗਈ ਹੈ। ਇਸ ਚੌਥੇ ਭਾਗ ਵਿਚ ਦਰਜ ਭਾਰਤੀ ਸੰਵਿਧਾਨ ਦੀ ਧਾਰਾ 39 ਦੇ ਅੰਤਰਗਤ ਇਹ ਆਦੇਸ਼ ਹੈ ਕਿ:

"ਰਾਜ ਆਪਣੀ ਨੀਤੀ, ਖ਼ਾਸ ਕਰਕੇ, ਇਹ ਨਿਸ਼ਚਿਤ ਕਰਵਾਉਣ ਲਈ ਚਲਾਵੇਗਾ ਕਿ:

ੳ) ਸਭਨਾਂ ਨਾਗਰਿਕਾਂ ਨੂੰ, ਪੁਰਖਾਂ ਅਤੇ ਇਸਤਰੀਆਂ ਨੂੰ ਸਮਾਨ ਤੌਰ ਉੱਤੇ, ਜੀਵਿਕਾ ਦੇ ਚੋਖੇ ਸਾਧਨ ਪ੍ਰਾਪਤ ਕਰਨ ਦਾ ਅਧਿਕਾਰ ਹੋਵੇ;

. . . . . . . . . . . . . . . . . . . . . . . . . . . . . . . . . . . . . . . . . . . . .

ਸ) ਪੁਰਖਾਂ ਅਤੇ ਇਸਤਰੀਆਂ ਦੋਹਾਂ ਦੀ ਸਮਾਨ ਕੰਮ ਲਈ ਸਮਾਨ ਤਨਖ਼ਾਹ ਹੋਵੇ;

. . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . .

ਪੁਰਖਾਂ ਅਤੇ ਇਸਤਰੀਆਂ ਨੂੰ ਬਿਨਾਂ ਭੇਦ-ਭਾਵ ਦੇ ਸਮਾਨ ਸਹੂਲਤਾਂ ਦੇਣੀਆਂ ਰਾਜਾਂ ਦਾ ਸਦਾਚਾਰਕ ਕਰਤੱਵ ਹੈ। ਪਰ ਇਨ੍ਹਾਂ ਕਰਤੱਵਾਂ ਦੇ ਪਾਲਣ ਲਈ ਰਾਜਾਂ ਨੂੰ ਕਾਨੂੰਨ ਬਣਾਉਣੇ ਪੈਂਦੇ ਹਨ। ਨਾਲੇ, ਕਿਸੇ ਨਾਗਰਿਕ ਨੂੰ ਇਹ (ਇਨ੍ਹਾਂ ਨਿਰਦੇਸ਼ਕ ਸਿਧਾਂਤਾਂ ਦੇ ਅੰਤਰਗਤ) ਸਾਰਾ ਕੁੱਝ ਅਧਿਕਾਰ ਦੇ ਰੂਪ ਵਿੱਚ ਪ੍ਰਾਪਤ ਨਹੀਂ। ਬਣਾਏ ਗਏ ਕਾਨੂੰਨਾਂ ਦੇ ਤਹਿਤ ਹੀ ਕੋਈ ਨਾਗਰਿਕ ਆਪਣੇ ਅਧਿਕਾਰਾਂ ਦੀ ਰੱਖੀਆ ਲਈ ਕਿਸੇ ਸੰਬੰਧਿਤ ਅਦਾਲਤ ਵਿੱਚ ਜਾ ਸਕਦਾ ਹੈ।

'ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿੱਧਾਂਤਾਂ' ਤੇ 'ਮੂਲ ਕਰਤੱਵਾਂ' ਦੇ ਚਰਿੱਤਰਾਂ ਵਿੱਚ ਬੁਨਿਆਦੀ ਸਾਂਝ ਦਾ ਇੱਥੋਂ ਵੀ ਸਪਸ਼ਟ ਸੰਕੇਤ ਮਿਲ ਜਾਂਦਾ ਹੈ ਕਿ ਭਾਰਤੀ ਸੰਵਿਧਾਨ ਦੇ ਚੌਥੇ ਭਾਗ ਵਿੱਚ ਨਿਰਦੇਸ਼ਕ ਸਿੱਧਾਂਤ ਦਰਜ ਹਨ ਅਤੇ ਇਸੇ ਭਾਗ ਵਿੱਚ ਭਾਗ ਚੌਥਾ ਦੇ ਅੰਤਰਗਤ 'ਮੂਲ ਕਰਤੱਵ' ਸ਼ਾਮਲ ਕੀਤੇ ਗਏ ਹਨ। ਅਤੇ , ਦੋਹਾਂ ਨੂੰ ਇਕੋ ਭਾਗ ਵਿੱਚ ਹੀ ਰੱਖਿਆ ਗਿਆ, ਜੋ ਯੋਗ ਵੀ ਹੈ, ਕਿਉਂਕਿ ਦੋਹਾਂ ਦਾ ਮੂਲ ਸੁਭਾ ਸਦਾਚਾਰਕ ਦਬਾਉ ਵਾਲਾ ਹੈ।

## 11.3 ਮੂਲ ਕਰਤੱਵ ਤੇ ਮੂਲ ਅਧਿਕਾਰ

ਜਿਵੇਂ ਕਿ ਅਸੀਂ ਉੱਪਰ ਸੰਕੇਤ ਕਰ ਆਏ ਹਾਂ, ਕਰਤੱਵ ਤੇ ਅਧਿਕਾਰ ਇੱਕੋ ਸਿੱਕੇ ਦੇ ਦੋ ਪਾਸੇ ਹਨ। ਨਾਲੇ, ਅਧਿਕਾਰਾਂ ਉੱਪਰ ਹੀ ਜ਼ੋਰ ਦੇਣ ਨਾਲ ਜੀਵਨ ਦਾ ਸੰਤੁਲਨ ਵਿਗੜਨਾ ਹੀ ਹੁੰਦਾ ਹੈ। ਸੰਤੁਲਿਤ ਜੀਵਨ ਵਿਅਕਤੀਗਤ (ਜਾਂ ਰਾਸ਼ਟਰੀ) ਜੀਵਨ ਲਈ ਕਰਤੱਵਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ। ਪਿੱਛੇ 'ਮੂਲ ਕਰਤੱਵਾਂ' ਦੀ 'ਨਿਰਦੇਸ਼ਕ ਸਿਧਾਂਤਾਂ' ਦੇ ਅੰਤਰਗਤ, ਚਰਚਾ ਕੀਤੀ ਗਈ ਸੀ। ਇਸ ਭਾਗ ਵਿੱਚ ਅਸੀਂ 'ਮੂਲ ਕਰਤਵਾਂ' ਦੀ ਨੁਹਾਰ ਨੂੰ ਹੋਰ ਵਧੇਰੇ ਸਪਸ਼ਟ ਕਰਨ ਲਈ ਇਨ੍ਹਾਂ ਬਾਰੇ 'ਮੂਲ ਅਧਿਕਾਰਾਂ' ਦੇ ਪ੍ਰਸੰਗ ਵਿੱਚ ਵਿਚਾਰ ਕਰਾਂਗੇ।

'ਮੂਲ ਅਧਿਕਾਰਾਂ' ਦੀ ਸੂਚੀ ਤੇ ਇਨ੍ਹਾਂ ਨਾਲ ਸੰਬੰਧਿਤ ਵਿਆਖਿਆਵਾਂ ਭਾਰਤੀ ਸੰਵਿਧਾਨ ਦੇ ਤੀਜੇ ਭਾਗ ਵਿੱਚ ਦਿੱਤੀਆ ਗਈਆਂ ਹਨ। 'ਮੂਲ ਅਧਿਕਾਰਾਂ' ਦੀ ਸਾਡੇ ਲਈ ਕੀ ਮਹੱਤਤਾ ਹੈ ? ਇਸ ਨੂੰ ਭਲੀ ਪ੍ਰਕਾਰ ਸਮਝਣ ਲਈ ਜ਼ਰੂਰੀ ਹੈ ਕਿ ਗੱਲ ਉਦਾਹਰਨ ਦੇ ਕੇ ਕੀਤੀ ਜਾਏ। ਭਾਰਤੀ ਸੰਵਿਧਾਨ ਦੇ ਤੀਜੇ ਭਾਗ ਵਿੱਚ 'ਸਮਤਾ ਦਾ ਅਧਿਕਾਰ' ਦੇ ਤਹਿਤ ਇਕ ਧਾਰਾ ਇਉਂ ਦਰਜ ਹੈ :

> 14) 'ਭਾਰਤ ਦੇ ਰਾਜ-ਖੇਤਰ ਅੰਦਰ ਕੋਈ ਵਿਅਕਤੀ ਕਾਨੂੰਨ ਅੱਗੇ ਸਮਤਾ ਤੋਂ ਜਾਂ ਕਾਨੂੰਨਾਂ ਦੀ ਸਮਾਨ ਸੁਰੱਖਿਆ ਤੋਂ ਵਾਂਝਿਆਂ ਨਹੀਂ ਰਹੇਗਾ। ਇਸੇ ਤਰ੍ਹਾਂ ਧਾਰਾ 19(1) ਵਿੱਚ 'ਸੁਤੰਤਰਤਾ ਦਾ ਅਧਿਕਾਰ' ਦੇ ਅੰਤਰਗਤ ਕੁਝ ਸੁਤੰਤਰਤਾਵਾਂ ਦਾ ਵੇਰਵਾ ਇਨ੍ਹਾਂ ਲਫ਼ਜ਼ਾਂ ਵਿੱਚ ਦਿੱਤਾ ਹੋਇਆ ਹੈ ਕਿ
> ''ਸਭ ਨਾਗਰਿਕਾਂ ਨੂੰ:
> ੳ) ਬੋਲਣ ਅਤੇ ਪ੍ਰਗਟਾਵੇ ਦੀ ਸੁਤੰਤਰਤਾ ਦਾ:
> . . . . . . . . . . . . . . . . . . . . . . . . . . . . . . . . . . . . . . . . . . . .
> ੲ) ਸਭਾਵਾਂ ਜਾਂ ਸੰਘ ਬਣਾਉਣ ਦਾ:
> ਸ) ਭਾਰਤ ਦੇ ਰਾਜ ਖੇਤਰ ਵਿੱਚ ਬੇਰੋਕ ਵਿਚਰਨ ਦਾ:
> . . . . . . . . . . . . . . . . . . . . . . . . . . . . . . . . . . . . . . . . . . . .
> . . . . . . . . . . . . . . . . . . . . . . . . . . . . . . . . . . . . . . . . . . . .
> ਅਧਿਕਾਰ ਹੋਵੇਗਾ।''

ਭਾਰਤੀ ਸੰਵਿਧਾਨ ਵਿੱਚ ਦਰਜ ਧਾਰਾ 14 **ਵਿਅਕਤੀ** ਨੂੰ ਸੰਮਤਾ ਦਾ ਅਧਿਕਾਰ ਦੇਣ ਦਾ ਵਾਇਦਾ ਕਰਦੀ ਹੈ। ਅਤੇ ਧਾਰਾ 19(1) ਵਿੱਚ ਸੁਤੰਤਰਤਾ ਦਾ ਅਧਿਕਾਰ ਕੇਵਲ **ਨਾਗਰਿਕ** ਨੂੰ ਦਿੱਤਾ ਗਿਆ ਹੈ। ਵਿਅਕਤੀ ਤੇ ਨਾਗਰਿਕ ਵਿੱਚ ਕਾਨੂੰਨੀ ਫ਼ਰਕ ਕੀ ਹੈ ? ਪਹਿਲੋਂ ਇਸ ਨੂੰ ਸਮਝ ਲੈਣਾ ਜ਼ਰੂਰੀ ਹੈ। ਸੰਵਿਧਾਨ ਦੇ ਦੂਜੇ ਭਾਗ ਵਿੱਚ ਦਰਜ ਧਾਰਾ 5 ਵਿੱਚ ਨਾਗਰਿਕਤਾ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਗਈ ਹੈ :

''ਇਸ ਸੰਵਿਧਾਨ ਦੇ ਅਰੰਭ ਉਤੇ ਹਰੇਕ ਵਿਅਕਤੀ ਜਿਸ ਦਾ ਭਾਰਤ ਦੇ ਰਾਜ-ਖੇਤਰ ਵਿੱਚ ਵਾਸ ਹੈ ਅਤੇ—
ੳ) ਜੋ ਭਾਰਤ ਦੇ ਰਾਜ-ਖੇਤਰ ਵਿੱਚ ਜੰਮਿਆਂ ਸੀ: ਜਾਂ
ਅ) ਜਿਸ ਦੇ ਮਾਪਿਆਂ ਵਿੱਚੋਂ ਕੋਈ ਭਾਰਤ ਦੇ ਰਾਜ-ਖੇਤਰ ਵਿੱਚ ਜੰਮਿਆ ਸੀ: ਜਾਂ
ੲ) ਜੋ ਅਜਿਹੇ ਅਰੰਭ ਤੋਂ ਤੁਰਤ ਪਹਿਲਾਂ ਘੱਟ ਤੋਂ ਘੱਟ ਪੰਜ ਸਾਲ ਤਕ ਭਾਰਤ ਦੇ ਰਾਜ-ਖੇਤਰ ਵਿੱਚ ਸਾਧਾਰਨ ਤੌਰ ਉੱਤੇ ਨਿਵਾਸੀ ਰਿਹਾ ਹੈ, ਭਾਰਤ ਦਾ ਨਾਗਰਿਕ ਹੋਵੇਗਾ।''

ਇਨ੍ਹਾਂ ਉਪਰੋਕਤ ਦਿੱਤਿਆਂ ਵੇਰਵਿਆਂ ਤੋਂ ਅਲਾਵਾ ਬੜੇ ਵਿਸਤਾਰ ਨਾਲ ਨਾਗਰਿਕਤਾ ਦੀ ਵਿਆਖਿਆ ਕੀਤੀ ਗਈ ਹੈ: ਜਿਸ ਦੇ ਵਿਸਤਾਰ ਵਿੱਚ ਸਾਨੂੰ ਜਾਣ ਦੀ ਲੋੜ ਨਹੀਂ। ਸਾਡਾ ਮੰਤਵ ਸਿਰਫ਼ ਇੱਕੋ ਗੱਲ ਨੂੰ ਸਪਸ਼ਟ ਕਰਨਾ ਹੈ ਕਿ 'ਮੂਲ ਅਧਿਕਾਰਾਂ' ਵਾਲੇ ਭਾਗ ਵਿੱਚ ਕੁੱਝ ਅਧਿਕਾਰ ਸਿਰਫ਼ ਨਾਗਰਿਕ ਨੂੰ ਦਿੱਤੇ ਗਏ ਹਨ। ਭਾਰਤ ਵਿੱਚ ਰਹਿ ਰਿਹਾ ਹਰ ਵਿਅਕਤੀ ਨਾਗਰਿਕ ਨਹੀਂ। ਮਿਸਾਲ ਦੇ ਤੌਰ ਉੱਤੇ ਵਿਦੇਸ਼ੀ ਨਾਗਰਿਕ ਨਹੀਂ। ਵਿਦੇਸ਼ੀਆਂ ਨੂੰ ਵਿਅਕਤੀ ਦੇ ਤੌਰ ਉੱਤੇ ਹੀ ਲਿਆ ਜਾਵੇਗਾ। ਉਨ੍ਹਾਂ ਨੂੰ ਸੰਮਤਾ ਦੇ ਅਧਿਕਾਰ ਤਾਂ ਪ੍ਰਾਪਤ ਹਨ, ਪਰ ਸੁਤੰਤਰਤਾ ਦੇ ਮੂਲ ਅਧਿਕਾਰ ਸਿਰਫ਼ ਨਾਗਰਿਕਾਂ ਲਈ ਹੀ ਰਾਖਵੇਂ ਹਨ।

ਮੂਲ ਅਧਿਕਾਰਾਂ ਬਾਰੇ ਸਭ ਤੋਂ ਜ਼ਰੂਰੀ ਜਾਣਨਯੋਗ ਗੱਲ ਇਹ ਹੈ ਕਿ ਕਿਸੇ ਵੀ ਮੂਲ ਅਧਿਕਾਰ ਦੇ ਉਲੰਘਣ ਲਈ ਕੋਈ ਵਿਅਕਤੀ ਜਾਂ ਨਾਗਰਿਕ ਕਿਸੇ ਵਿਅਕਤੀ ਜਾਂ ਨਾਗਰਿਕ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਨਹੀਂ ਕਰ ਸਕਦਾ। ਇਨ੍ਹਾਂ ਅਧਿਕਾਰਾਂ ਦੀ ਰੱਖਿਆ ਕਰਨ ਦਾ ਵਾਇਦਾ ਸੰਵਿਧਾਨ ਵਿੱਚ ਕੀਤਾ ਗਿਆ ਹੈ। ਕਿਧਰੇ ਰਾਜ ਆਪਣੀ ਸ਼ਕਤੀ ਦੇ ਨਸ਼ੇ ਵਿੱਚ ਵਿਅਕਤੀ ਜਾਂ ਨਾਗਰਿਕ ਨੂੰ ਕੁਚਲ ਹੀ ਨਾ ਦੇਵੇ, ਇਸ ਸੰਭਾਵਨਾ ਦੇ ਵਿਰੁੱਧ ਮੂਲ ਅਧਿਕਾਰਾਂ ਦੀ ਕਲਪਨਾ ਕੀਤੀ ਗਈ ਹੈ। ਥੋੜੇ ਸ਼ਬਦਾਂ ਵਿੱਚ ਕਿਸੇ ਵਿਅਕਤੀ ਜਾਂ ਨਾਗਰਿਕ ਨੂੰ ਮੂਲ ਅਧਿਕਾਰਾਂ ਤੋਂ ਵਾਂਝਾ ਕਰਨ ਦਾ ਦੋਸ਼ੀ ਰਾਜ ਹੀ ਹੋ ਸਕਦਾ ਹੈ ਤੇ ਅਜਿਹੀ ਹਾਲਤ ਵਿੱਚ ਵਿਅਕਤੀ ਜਾਂ ਨਾਗਰਿਕ ਸੰਵਿਧਾਨ ਦਾ ਸਹਾਰਾ ਲੈ ਕੇ ਅਦਾਲਤ ਵਿੱਚ ਜਾ ਸਕਦਾ ਹੈ।

ਉੱਪਰ ਅਸੀਂ ਮੂਲ ਅਧਿਕਾਰਾਂ ਬਾਰੇ ਵਿਚਾਰ ਕਰਦਿਆਂ ਇਕ ਬਹੁਤ ਹੀ ਅਹਿਮ ਨਿਖੇੜ ਕੀਤਾ ਸੀ। ਇਹ ਨਿਖੇੜ ਸੀ ਵਿਅਕਤੀ ਤੇ ਨਾਗਰਿਕ ਵਿਚਕਾਰ। ਇਹੀ ਨਿਖੇੜ ਮੂਲ ਕਰਤਵਾਂ ਨੂੰ ਸਮਝਣ ਵਿੱਚ ਮਦਦ ਕਰੇਗਾ। ਸੰਵਿਧਾਨ ਦੇ ਚੌਥੇ ਭਾਗ ੳ) ਵਿੱਚ ਮੂਲ ਕਰਤੱਵਾਂ ਨੂੰ ਬਿਆਨ ਕਰਦਿਆਂ ਲਿਖਿਆ ਹੈ :

"ਭਾਰਤ ਦੇ ਹਰ ਨਾਗਰਿਕ ਦਾ ਇਹ ਕਰਤੱਵ ਹੋਵੇਗਾ ਕਿ ਉਹ:

. . . . . . . . . . . . . . . . . . . . . . . . . . . . . . . . . . . .

ੲ) ਭਾਰਤ ਦੀ ਪ੍ਰਭੁਤਾ, ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖੇ ਅਤੇ ਉਨ੍ਹਾਂ ਦੀ ਰੱਖਿਆ ਕਰੇ;

. . . . . . . . . . . . . . . . . . . . . . . . . . . . . .

ਘ) ਲੋਕ-ਸੰਪੱਤੀ ਦਾ ਬਚਾਉ ਕਰੇ ਅਤੇ ਹਿੰਸਾ ਦਾ ਤਿਆਗ ਕਰੇ

. . . . . . . . . . . . . . . . . . . . . . . . . . . . . . . . . . . .

ਇਉਂ ਲਗਦਾ ਹੈ ਜਿਵੇਂ ਇਨ੍ਹਾਂ ਮੂਲ ਕਰਤੱਵਾਂ ਦੀ ਪਾਲਣਾ ਲਈ ਕੇਵਲ ਨਾਗਰਿਕ/ਨਾਗਰਿਕਾਂ ਨੂੰ ਹੀ ਪ੍ਰੇਰਿਆ ਜਾ ਰਿਹਾ ਹੈ। ਵਿਅਕਤੀ ਇਸ ਦੇ ਘੇਰੇ ਵਿੱਚ ਨਹੀਂ ਆਉਂਦੇ। ਉੱਪਰ ਅਸੀਂ ਜ਼ਿਕਰ ਕਰ ਆਏ ਹਾਂ ਕਿ, ਆਮ ਤੌਰ ਉੱਤੇ, ਕੋਈ ਨਾਗਰਿਕ ਕਿਸੇ ਮੂਲ ਕਰਤੱਵ ਦੀ ਉਲੰਘਣਾ ਜਾਂ ਅਨਾਦਰ ਕਰਨ ਦੀ ਹਾਲਤ ਵਿੱਚ ਕਾਨੂੰਨੀ ਤੌਰ ਉੱਤੇ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਅਜਿਹਾ ਕਰਨ ਲਈ ਇਨ੍ਹਾਂ ਮੂਲ ਕਰਤੱਵਾਂ ਨੂੰ ਕਾਨੂੰਨੀ ਸੂਰਤ ਦੇਣ ਲਈ ਕਾਨੂੰਨ ਬਣਾਉਣੇ ਜ਼ਰੂਰੀ ਹੋਣਗੇ। ਮੂਲ ਅਧਿਕਾਰਾਂ ਉੱਤੇ ਰੋਕ ਲਾਉਣ ਸੰਬੰਧੀ ਵੀ, ਸੰਵਿਧਾਨ ਵਿੱਚ, ਕਾਨੂੰਨ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ। ਸੁਤੰਤਰਤਾਵਾਂ ਦਾ ਵੇਰਵਾ ਦੇਣ ਮਗਰੋਂ ਇਹ ਵੀ ਅੰਕਿਤ ਕੀਤਾ ਗਿਆ ਹੈ ਕਿ ਕਿਸੇ ਰਾਜ ਨੂੰ ਇਨ੍ਹਾਂ ਮੂਲ ਅਧਿਕਾਰਾਂ ਉੱਤੇ 'ਸੁਯੋਗ ਪਾਬੰਦੀ' ਲਾਉਣ ਲਈ ਜ਼ਰੂਰੀ ਕਾਨੂੰਨ ਬਣਾਉਣ ਦੀ ਪੂਰੀ ਖੁੱਲ੍ਹ ਹੋਵੇਗੀ। ਅਰਥਾਤ, ਇਹ ਮੂਲ ਅਧਿਕਾਰ ਬੇਰੋਕ ਨਹੀਂ। ਇਨ੍ਹਾਂ ਉੱਪਰ ਵੀ ਲੋੜ ਪੈਣ ਤੇ ਰੋਕ ਲਾਈ ਜਾ ਸਕਦੀ ਹੈ।

'ਮੂਲ ਅਧਿਕਾਰਾਂ' ਨੂੰ ਮਾਣਨ ਲਈ ਜ਼ਰੂਰੀ ਹੈ ਕਿ 'ਮੂਲ ਕਰਤੱਵਾਂ' ਦੀ ਪਾਲਣਾ ਕੀਤੀ ਜਾਵੇ। ਨਾਲੇ, 'ਮੂਲ ਕਰਤੱਵਾਂ' ਨੂੰ ਅਮਲ ਵਿੱਚ ਲਿਆਉਣ ਲਈ ਤੇ 'ਮੂਲ ਅਧਿਕਾਰਾਂ' ਉਪਰ 'ਸੁਯੋਗ ਪਾਬੰਦੀ' ਲਾਉਣ ਲਈ ਬਣਾਏ ਗਏ ਕਾਨੂੰਨਾਂ ਦੇ ਆਦਰ ਤੇ ਸੁਰੱਖਿਆ ਦੀ ਵੀ ਲੋੜ ਹੈ।

## 11.4 ਮੂਲ ਕਰਤੱਵਾਂ ਦੀ ਸੂਚੀ

ਭਾਰਤੀ ਸੰਵਿਧਾਨ ਦੇ ਭਾਗ ਚਾਰ 'ੳ' ਵਿਚ ਦਰਜ ਮੂਲ ਕਰਤੱਵਾਂ ਵਾਲੇ ਪਾਠ ਨੂੰ ਅਸੀਂ ਇੰਨ-ਬਿੰਨ ਪੇਸ਼ ਕਰ ਰਹੇ ਹਾਂ।

ਭਾਰਤ ਦੇ ਹਰ ਨਾਗਰਿਕ ਦਾ ਇਹ ਕਰਤੱਵ ਹੋਵੇਗਾ ਕਿ ਉਹ:

ੳ) "ਸੰਵਿਧਾਨ ਦਾ ਪਾਬੰਦ ਰਹੇ ਅਤੇ ਇਸ ਦੇ ਆਦਰਸ਼ਾਂ ਅਤੇ ਸੰਸਥਾਵਾਂ ਕੌਮੀ ਝੰਡੇ ਅਤੇ ਕੌਮੀ ਗੀਤ ਦਾ ਆਦਰ ਕਰੇ;

ਅ) ਉਨ੍ਹਾਂ ਉੱਚ ਆਦਰਸ਼ਾਂ ਨੂੰ ਦਿਲ ਵਿੱਚ ਥਾਂ ਦੇਵੇ ਅਤੇ ਉਨ੍ਹਾਂ ਦੀ ਪੈਰਵੀ ਕਰੇ ਜਿਨ੍ਹਾਂ ਨੇ ਸੁਤੰਤਰਤਾ ਲਈ ਸਾਡੇ ਕੌਮੀ ਸੰਘਰਸ਼ ਨੂੰ ਉਤਸਾਹਿਤ ਕੀਤਾ;

ੲ) ਭਾਰਤ ਦੀ ਪ੍ਰਭੁਤਾ, ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖੇ ਅਤੇ ਉਨ੍ਹਾਂ ਦੀ ਸੁਰੱਖਿਆ ਕਰੇ;

ਸ) ਦੇਸ਼ ਦੀ ਰੱਖਿਆ ਕਰੇ ਅਤੇ ਜਦ ਅਜਿਹਾ ਕਰਨ ਲਈ ਕਿਹਾ ਜਾਏ ਕੌਮੀ ਸੇਵਾ ਕਰੇ;

ਹ) ਧਾਰਮਿਕ, ਭਾਸ਼ਾਈ ਅਤੇ ਪ੍ਰਾਦੇਸ਼ਕ ਜਾਂ ਅਨੁਭਾਗੀ ਭਿੰਨਤਾਵਾਂ ਤੋਂ ਉੱਤੇ ਉੱਠ ਕੇ ਭਾਰਤ ਦੇ ਸਭ ਲੋਕਾਂ ਵਿੱਚ ਇਕਸੁਰਤਾ ਅਤੇ ਸਾਂਝੀ ਭਾਰਤੀਅਤਾ ਦੇ ਜਜ਼ਬੇ ਨੂੰ ਤਰੱਕੀ ਦੇਵੇ; ਇਸਤਰੀਆਂ ਦਾ ਸਨਮਾਨ ਘਟਾਉਣ ਵਾਲੇ ਦਸਤੂਰਾਂ ਦਾ ਤਿਆਗ ਕਰੇ;

ਕ) ਸਾਡੇ ਮਿਲੇ ਜੁਲੇ ਸਭਿਆਚਾਰ ਦੇ ਅਮੀਰ ਵਿਰਸੇ ਦੀ ਕਦਰ ਕਰੇ ਅਤੇ ਉਸ ਨੂੰ ਕਾਇਮ ਰਖੇ;

ਖ) ਝੀਲਾਂ, ਦਰਿਆਵਾਂ ਅਤੇ ਜੰਗਲੀ ਜੀਵਾਂ ਸਮੇਤ ਪ੍ਰਕਿਰਤਕ ਵਾਤਾਵਰਨ ਦੀ ਸੰਭਾਲ ਅਤੇ ਸੁਧਾਰ ਕਰੇ ਅਤੇ ਜੀਅ-ਜੰਤ ਲਈ ਦਇਆ-ਭਾਵ ਰੱਖੇ;

ਗ) ਵਿਗਿਆਨਿਕ ਸੂਝ, ਮਾਨਵਵਾਦ ਅਤੇ ਜਾਂਚ ਤੇ ਸੁਧਾਰ ਦੇ ਜਜ਼ਬੇ ਦਾ ਵਿਕਾਸ ਕਰੇ;

ਘ) ਲੋਕ ਸੰਪੱਤੀ ਦਾ ਬਚਾਉ ਕਰੇ ਅਤੇ ਹਿੰਸਾ ਦਾ ਤਿਆਗ ਕਰੇ;

ਙ) ਵਿਅਕਤੀਗਤ ਅਤੇ ਸਮੂਹਿਕ ਸਰਗਰਮੀ ਦੇ ਸਭ ਖੇਤਰਾਂ ਵਿੱਚ ਸਰੇਸ਼ਟਤਾ ਵੱਲ ਤਾਣ ਲਾਵੇ ਤਾਂ ਜੋ ਕੌਮ, ਜਤਨਾਂ ਅਤੇ ਪ੍ਰਾਪਤੀਆਂ ਦੀਆਂ ਉਚੇਰੀਆਂ ਪੱਧਰਾਂ ਵੱਲ ਲਗਾਤਾਰ ਉੱਠਦੀ ਰਹੇ।"

## 11.5 ਮੂਲ ਕਰਤਵਾਂ ਦਾ ਸੰਖੇਪ ਵਰਣਨ

ਭਾਰਤੀ ਨਾਗਰਿਕ ਕੋਲੋਂ ਜਿੰਨ੍ਹਾਂ ਮੂਲ ਕਰਤੱਵਾਂ ਦੇ ਪਾਲਣ ਦੀ ਆਸ ਕੀਤੀ ਗਈ, ਉਨ੍ਹਾਂ ਦਾ ਖੇਤਰ ਬਹੁਤ ਵਿਸਾਲ

ਹੈ। ਗੱਲ ਸੰਵਿਧਾਨ ਦੇ ਆਦਰਸ਼ਾਂ ਸੰਸਥਾਵਾਂ, ਕੌਮੀ ਝੰਡੇ ਅਤੇ ਕੌਮੀ ਗੀਤ ਤੋਂ ਸ਼ੁਰੂ ਕੀਤੀ ਹੈ। ਚਾਹਿਆ ਇਹੀ ਹੈ ਕਿ ਸਭਨਾਂ ਦਾ ਬਰਾਬਰ ਆਦਰ ਕੀਤਾ ਜਾਵੇ। ਇਨ੍ਹਾਂ ਵਿੱਚੋਂ ਕੁੱਝ ਚਿੰਨ੍ਹ ਹਨ। ਜਿਵੇਂ, ਕੌਮੀ ਝੰਡਾ ਤੇ ਕੌਮੀ ਗੀਤ ਸਾਡੀ ਰਾਸ਼ਟਰੀ ਭਾਵਨਾ ਦੇ ਚਿੰਨ੍ਹ ਹਨ। ਇਨ੍ਹਾਂ ਦਾ ਆਦਰ ਰਾਸ਼ਟਰੀ ਭਾਵਨਾ ਦਾ ਹੀ ਆਦਰ ਹੈ ਅਤੇ ਰਾਸ਼ਟਰੀ ਏਕਤਾ ਲਈ ਇਸ ਭਾਵਨਾ ਨੂੰ ਬਰਾਬਰ ਜ਼ਿੰਦਦੇ ਰਹਿਣਾ ਲਾਜ਼ਮੀ ਹੈ। ਫੇਰ, ਗੱਲ ਸੰਵਿਧਾਨ ਵਿਚ ਅੰਕਿਤ ਆਦਰਸ਼ਾਂ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਉਸਾਰੀਆਂ ਗਈਆਂ ਸੰਸਥਾਵਾਂ ਦੀ ਕੀਤੀ ਹੈ। ਇਹ ਵਾਇਦਾ ਵੀ ਰਾਸ਼ਟਰ ਨੂੰ ਹਰ ਪੱਖੋਂ ਮਜ਼ਬੂਤ ਬਣਾਉਣ ਲਈ ਹੀ ਹੈ। ਹੁਣ ਦੇਸ਼ ਆਜ਼ਾਦ ਹੈ। ਦੇਸ਼ ਦੀ ਅਜ਼ਾਦੀ ਲਈ ਇੱਕ ਲੰਮਾ ਸੰਘਰਸ਼ ਕਰਨਾ ਪਿਆ ਸੀ। ਇਸ ਸੰਘਰਸ਼ ਪਿੱਛੇ ਵੀ ਕਈ ਆਦਰਸ਼ ਕੰਮ ਕਰ ਰਹੇ ਸਨ। ਅਜਿਹੇ ਆਦਰਸ਼ਾਂ ਦਾ ਆਦਰ, ਇੱਕ ਤਾਂ ਦੇਸ਼ ਦੀ ਆਜ਼ਾਦੀ ਹਾਸਿਲ ਕਰਨ ਸਮੇਂ ਇਨ੍ਹਾਂ ਨੂੰ ਧਾਰਨ ਕਰਨ ਲਈ ਤੇ ਦੂਜੇ ਦੇਸ਼ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਵੀ ਜ਼ਰੂਰੀ ਹੈ।

ਸਾਡੇ ਦੇਸ਼ ਵਿੱਚ ਅਨੇਕਾਂ ਧਾਰਮਿਕ ਸੰਪਰਦਾਵਾਂ ਨੂੰ ਮੰਨਣ ਵਾਲੇ ਨਾਗਰਿਕ ਰਹਿੰਦੇ ਹਨ। ਇਨ੍ਹਾਂ ਦੀਆਂ ਭਾਸ਼ਾਵਾਂ ਵੀ ਇੱਕ ਦੂਜੇ ਤੋਂ ਭਿੰਨ ਹਨ। ਇਸ ਤੋਂ ਅਲਾਵਾ ਅਨੇਕਾਂ ਪ੍ਰਦੇਸ਼ਾਂ ਵਿੱਚ ਵੰਡਿਆ ਹੋਣ ਕਰਨ ਇਸ ਦੀਆਂ ਅਨੇਕਾਂ ਪ੍ਰਾਦੇਸ਼ਕ ਭਾਸ਼ਾਵਾਂ ਵੀ ਹਨ। ਅਜਿਹੇ ਹਾਲਾਤ ਵਿੱਚ, ਇਨ੍ਹਾਂ ਸੰਪਰਦਾਵਾਂ, ਭਾਸ਼ਾਵਾਂ ਜਾਂ ਪ੍ਰਦੇਸ਼ਾਂ ਦੇ ਆਧਾਰ ਉੱਤੇ ਇੱਕ ਦੂਜੇ ਤੋਂ ਵਿਜੋਗੇ ਹੋਏ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਏਸ ਕਾਰਨ, ਇੱਕ ਪ੍ਰਕਾਰ ਨਾਲ, ਮੂਲ ਕਰਤੱਵ ਦੇ ਬਹਾਨੇ ਸਾਂਝੀਵਾਲਤਾ ਨੂੰ ਭੰਗ ਨਾ ਹੋਣ ਦੇਣ ਦੀ ਚੇਤਾਵਨੀ ਦਿੱਤੀ ਗਈ ਪ੍ਰਤੀਤ ਹੁੰਦੀ ਹੈ। ਨਾਲ ਹੀ, ਇਸਤਰੀ ਦੇ ਸਨਮਾਨ ਦਾ ਜ਼ਿਕਰ ਵੀ ਜ਼ਰੂਰੀ ਸਮਝਿਆ ਹੈ। ਸਾਡੇ ਦੇਸ਼ ਵਿੱਚ ਸਦੀਆਂ ਤੋਂ ਆ ਰਹੀਆਂ ਕੁੱਝ ਅਜਿਹੀਆਂ, ਧਰਮ ਦੀ ਆੜ ਵਿੱਚ ਪਰਵਾਨ ਚੜ੍ਹੀਆਂ ਪਰੰਪਰਾਵਾਂ ਹਨ ਜੋ ਇਸਤਰੀ ਨੂੰ ਬਰਾਬਰ ਦਾ ਆਦਰ-ਮਾਣ ਦੇਣ ਤੋਂ ਇਨਕਾਰੀ ਹਨ। ਬਲਕਿ, ਇਨ੍ਹਾਂ ਪਰੰਪਰਾਵਾਂ ਦਾ ਸਾਰਾ ਜ਼ੋਰ ਇਸਤਰੀ ਦਾ ਸਨਮਾਨ ਘਟਾਉਣ ਉੱਤੇ ਹੀ ਲਗਦਾ ਹੈ। ਜ਼ਾਹਿਰ ਹੈ ਅਜਿਹੀਆਂ ਪਰੰਪਰਾਵਾਂ ਨੂੰ ਤਿਆਗਣ ਦੀ ਆਸ ਕੀਤੀ ਗਈ ਹੈ। ਸਾਡੇ ਸਭਿਆਚਾਰਕ ਵਿਰਸੇ ਵਿੱਚ ਜੋ ਕੁੱਝ ਸਾਰਿਆਂ ਲਈ ਕਲਿਆਣਕਾਰੀ ਹੈ ਉਸ ਦੀ ਪਾਲਣਾ ਤੇ ਸੰਭਾਲ ਵੀ ਜ਼ਰੂਰੀ ਕਰਾਰ ਦਿੱਤੀ ਗਈ ਹੈ। ਅਸਲ ਵਿੱਚ ਲੋੜ ਸਭਿਆਚਾਰਕ ਵਿਰਸੇ ਦੀ ਪੁਣ-ਛਾਣ ਰਾਹੀਂ ਇਸ ਦੇ ਉਸਾਰੂ ਪੱਖ ਨੂੰ ਅਪਣਾਉਣ ਦੀ ਹੈ।

ਮੂਲ ਕਰਤੱਵਾਂ ਦਾ ਇਕ ਅਹਿਮ ਪੱਖ ਪ੍ਰਕਿਰਤੀ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਅੱਜ ਦਾ ਮਨੁੱਖ ਇੰਨਾ ਸਵਾਰਥੀ ਹੋ ਗਿਆ ਹੈ ਕਿ ਜਿਸ ਪ੍ਰਕਿਰਤੀ ਦੀ ਗੋਦ ਵਿੱਚ ਉਹ ਜੰਮਿਆ-ਪਲਿਆ, ਉਸੇ ਨੂੰ ਭੁੱਲ ਹੀ ਨਹੀਂ ਗਿਆ, ਬਲਕਿ, ਉਸ ਨੂੰ ਦੂਸ਼ਿਤ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ। ਇਹ ਪ੍ਰਕਿਰਤੀ, ਵਣਾਂ, ਝੀਲਾਂ, ਦਰਿਆਵਾਂ ਦੇ ਰੂਪ ਵਿੱਚ ਸਾਡੇ ਆਲੇ-ਦੁਆਲੇ ਵਿਛੀ ਹੋਈ ਹੈ। ਇਨ੍ਹਾਂ ਵਿੱਚ ਰਹਿਣ ਵਾਲੇ ਜੀਵ-ਜੰਤੂ ਵੀ ਹਨ। ਪ੍ਰਕਿਰਤੀ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ ਹੀ ਇਸ ਦੀ ਹਿਫ਼ਾਜ਼ਤ ਕਰਨਾ ਹੈ। ਜੰਗਲੀ ਜਾਨਵਰਾਂ ਪ੍ਰਤੀ ਦਇਆ ਦਾ ਭਾਵ ਸਾਡੇ ਮਨਾਂ ਨੂੰ ਜ਼ਰੂਰ ਪਵਿੱਤਰ ਕਰੇਗਾ। ਮਨ ਦੀ ਪਵਿੱਤਰਤਾ ਹੀ ਸ਼ਾਂਤੀ ਦਾ ਇਕੋ ਇਕ ਵਸੀਲਾ ਹੈ।

ਵਹਿਮਾਂ-ਭਰਮਾਂ ਦੇ ਇਸ ਦੇਸ਼ ਦੀ ਮੁਕਤੀ ਵਿੱਚ ਵਿਗਿਆਨਿਕ ਦ੍ਰਿਸ਼ਟੀ ਜ਼ਰੂਰ ਸਹਾਇਕ ਸਿੱਧ ਹੋ ਸਕਦੀ ਹੈ। ਪਰ, ਵਿਗਿਆਨਿਕ ਦ੍ਰਿਸ਼ਟੀ ਜੇ ਮਾਨਵਵਾਦ ਤੋਂ ਕੋਰੀ ਹੋਵੇ ਤਾਂ ਫਿਰ ਲਾਭ ਦੀ ਥਾਂ ਨੁਕਸਾਨ ਹੋਣ ਦੀ ਵਧੇਰੇ ਸੰਭਾਵਨਾ ਹੈ। ਜ਼ਰੂਰਤ, ਚੂੰਕਿ ਮਨੁੱਖੀ ਵਿਕਾਸ ਦੀ ਹੈ, ਇਸ ਲਈ ਜੇ ਮਨੁੱਖ ਹੀ ਅਣਗੌਲਿਆ ਰਹਿ ਗਿਆ ਤਾਂ ਵਿਗਿਆਨਿਕ-ਦ੍ਰਿਸ਼ਟੀ ਕਿਸ ਕੰਮ ?

ਮਨੁੱਖ ਸ਼ਹਿਰਾਂ ਵਿੱਚ ਤਾਂ ਆ ਵੱਸਿਆ ਹੈ ਪਰ ਉਸ ਦਾ ਵਹਿਸ਼ੀਪੁਣਾ ਅਜੇ ਗਿਆ ਨਹੀਂ। ਤੋੜ-ਫੋੜ ਤੇ ਹਿੰਸਾ ਇਸੇ ਵਹਿਸ਼ੀਪੁਣੇ ਦੀ ਹੀ ਸੂਚਕ ਹਨ। ਮਨੁੱਖ ਬਰਾਦਰੀ ਵਿੱਚ, ਸਭਯ ਹੋਣ ਤੋਂ ਬਿਨਾਂ ਗੁਜ਼ਾਰਾ ਸੰਭਵ ਨਹੀਂ ਹੁੰਦਾ। ਪਸ਼ੂਆਂ ਵਾਂਗ ਜ਼ਿੰਦਗੀ ਬਤੀਤ ਕਰਨੀ ਹੋਰ ਗੱਲ ਹੈ। ਇਨਸਾਨਾਂ ਵਾਂਗ ਜੀਉਣ ਲਈ ਵਹਿਸ਼ੀਪੁਣੇ ਨੂੰ ਸੋਧਣਾ ਲਾਜ਼ਮੀ ਹੈ।

ਹਰ ਉਸ ਵਿਚਾਰਧਾਰਾ ਨੂੰ ਅਪਣਾਇਆ ਜਾਣਾ ਜਾਂ ਕੇਵਲ ਉਹੀ ਕਦਮ ਚੁੱਕਿਆ ਜਾਣਾ ਚਾਹੀਦਾ ਹੈ ਜਿਸ ਨਾਲ ਭਾਰਤੀ ਕੌਮ ਸ੍ਰੇਸ਼ਟਤਾ ਵੱਲ ਵਧੇ। ਇਨ੍ਹਾਂ ਮੂਲ ਕਰਤੱਵਾਂ ਦੀ ਪਾਲਣਾ ਸਦਕਾ ਹੀ ਦੇਸ਼ ਦੀ ਪ੍ਰਭੁਤਾ, ਏਕਤਾ ਤੇ ਅਖੰਡਤਾ ਕਾਇਮ ਰੱਖੀ ਜਾ ਸਕਦੀ ਹੈ।

## 11.6 ਮੂਲ ਕਰਤੱਵਾਂ ਦਾ ਮੂਲ ਮੁੱਦਾ

ਦੇਸ਼ ਦਾ ਨਾਗਰਿਕ ਹੋਣਾ ਜ਼ਿੰਮੇਵਾਰੀ ਦੀ ਗੱਲ ਹੈ। ਇਹ ਜ਼ਿੰਮੇਵਾਰੀ ਨਿਭਾਏ ਬਿਨਾਂ ਨਾਗਰਿਕ ਹੋਣ ਵਿੱਚ ਕੋਈ ਰਸ ਨਹੀਂ; ਕੋਈ ਗੌਰਵ ਨਹੀਂ। ਗੌਰਵ ਨਾਲ ਜਿਉਣ ਵਿੱਚ ਹੀ ਆਦਮੀ ਦੀ ਸ਼ਾਨ ਹੈ। ਪਰ, ਅਜਿਹਾ ਜੀਉਣ ਲਈ ਕੁਰਬਾਨੀ ਦਾ ਮਾਦਾ ਹੋਣਾ ਜ਼ਰੂਰੀ ਹੈ। ਨਿਰਸਵਾਰਥ ਹੋਏ ਬਿਨਾਂ ਕੋਈ ਸਿਰ ਉੱਚਾ ਕਰਕੇ ਕਿਵੇਂ ਜੀ ਸਕਦਾ ਹੈ ? ਜਦੋਂ ਕਿਸੇ ਬੰਦੇ ਦੀ ਨਜ਼ਰ ਮੰਗਣ ਉੱਤੇ ਹੀ ਰਹੇ, ਤਾਂ ਉਸ ਦਾ ਜੀਉਣਾ ਵੀ ਕੀ ਜੀਉਣਾ ਹੋਇਆ। ਹੱਕਾਂ ਲਈ ਲੜਨ ਤੋਂ ਕਿਸੇ ਨੂੰ ਕੋਈ ਨਹੀਂ ਵਰਜਦਾ। ਹੱਕਾਂ ਲਈ ਲੜਨਾ ਜ਼ਰੂਰੀ ਹੈ। ਪਰ ਆਮ ਤੌਰ ਉੱਤੇ, ਇਹੀ ਵੇਖਣ ਵਿੱਚ ਆਇਆ ਹੈ ਕਿ ਬੰਦੇ ਸਾਰੀ ਸ਼ਕਤੀ ਆਪਣੇ ਹੱਕਾਂ ਲਈ ਹਾਸਲ ਕਰਨ ਵਿੱਚ ਹੀ ਖ਼ਰਚ ਕਰ ਦੇਂਦੇ ਹਨ। ਇਸ ਲੋਰ ਵਿੱਚ ਉਹ ਭੁੱਲ ਹੀ ਜਾਂਦੇ ਹਨ ਕਿ ਉਨ੍ਹਾਂ ਦੇ ਕੁੱਝ ਮੂਲ ਕਰਤੱਵ ਵੀ ਹਨ। ਭਾਰਤੀ ਸੰਵਿਧਾਨ ਵਿੱਚ ਵਿਅਕਤੀ ਤੇ ਨਾਗਰਿਕ ਦੋਹਾਂ ਨੂੰ ਕੁੱਝ ਮੂਲ ਅਧਿਕਾਰ ਦਿੱਤੇ ਹੋਏ ਹਨ। ਇਹ ਮੂਲ ਅਧਿਕਾਰ ਰਾਜ/ਰਾਜਾਂ ਪਾਸ ਹਰ ਵਿਅਕਤੀ ਜਾਂ ਨਾਗਰਿਕ ਦੀ ਅਮਾਨਤ ਹਨ। ਜਦੋਂ ਵੀ ਕੋਈ ਰਾਜ ਇਸ ਅਮਾਨਤ ਵਿੱਚ ਖ਼ਿਆਨਤ ਕਰੇ ਉਸ ਰਾਜ ਦੇ ਖ਼ਿਲਾਫ਼ ਕਾਨੂੰਨੀ ਤੌਰ ਉੱਤੇ ਕਾਰਵਾਈ ਕਰਨ ਲਈ ਅਦਾਲਤ ਦੇ ਦਰਵਾਜ਼ੇ ਖੁੱਲੇ ਹੁੰਦੇ ਹਨ। ਆਪਣੇ ਅਧਿਕਾਰਾਂ ਲਈ ਲੜਦਾ

ਉਹੀ ਬੰਦਾ ਸੋਭਦਾ ਹੈ, ਜੋ ਕਰਤੱਵਾਂ ਦੇ ਪਾਲਣ ਨੂੰ ਵੀ ਆਪਣਾ ਈਮਾਨ ਸਮਝੇ। ਨਹੀਂ ਤਾਂ ਲੜਨ ਵਾਲੇ ਦਾ ਸੰਤੁਲਨ ਵਿਗੜ ਕੇ ਹੀ ਰਹਿੰਦਾ ਹੈ। ਨਾਗਰਿਕ ਦੇ ਜੀਵਨ ਦਾ ਸੰਤੁਲਨ ਬਣਿਆ ਰਹੇ ਅਤੇ ਇਸ ਦੇ ਨਾਲ ਹੀ ਰਾਸ਼ਟਰੀ ਜੀਵਨ ਦਾ ਵੀ, ਇਸੇ ਮਨੋਰਥ ਨੂੰ ਸਾਹਮਣੇ ਰੱਖ ਕੇ ਮੂਲ ਕਰਤੱਵਾਂ ਦੀ ਕਲਪਨਾ ਕੀਤੀ ਗਈ ਸੀ। ਸੰਤੁਲਨ ਦੀ ਪ੍ਰਾਪਤੀ ਹੀ ਮੂਲ ਕਰਤੱਵਾਂ ਦੀ ਆਤਮਾ ਕਹੀ ਜਾ ਸਕਦੀ ਹੈ।

## 11.7 ਸਾਰ

ਨਵੰਬਰ 1949 ਵਿੱਚ ਅੰਗੀਕਾਰ ਕੀਤੇ ਗਏ ਭਾਰਤੀ ਸੰਵਿਧਾਨ ਵਿੱਚ ਮੂਲ ਕਰਤੱਵ ਸ਼ਾਮਿਲ ਨਹੀਂ ਸਨ। ਬਾਅਦ ਵਿੱਚ, ਸਵਰਨ ਸਿੰਘ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਮੁਤਾਬਿਕ 1976 ਵਿੱਚ ਇੱਕ ਸੋਧ ਰਾਹੀਂ ਇਨ੍ਹਾਂ ਨੂੰ ਸੰਵਿਧਾਨ ਵਿੱਚ ਸਮਿਲਿਤ ਕੀਤਾ ਗਿਆ ਸੀ। ਮੂਲ ਮੁੱਦਾ, ਮੂਲ ਅਧਿਕਾਰਾਂ ਦੇ ਪ੍ਰਸੰਗ ਵਿਚ, ਇਨ੍ਹਾਂ ਰਾਹੀਂ ਰਾਸ਼ਟਰੀ ਜੀਵਨ ਵਿੱਚ ਸੰਤੁਲਨ ਕਾਇਮ ਕਰਨਾ ਸੀ।

ਰਾਜਾਂ ਨੂੰ ਨਿਰਦੇਸ਼ਕ ਸਿੱਧਾਂਤਾਂ ਦੇ ਰੂਪ ਵਿੱਚ ਕੁੱਝ ਹਦਾਇਤਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਪ੍ਰਕਿਰਤੀ ਸਦਾਚਾਰਕ ਹੈ। ਇਸ ਸਦਾਚਾਰਕ ਜ਼ਿੰਮੇਵਾਰੀ ਦੁਆਰਾ ਨਾਗਰਿਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣਾ ਹੀ ਰਾਜਾਂ ਦਾ ਕਰਤੱਵ ਮਿਥਿਆ ਗਿਆ। ਕੁੱਝ ਜ਼ਿੰਮੇਵਾਰੀਆਂ ਨਾਗਰਿਕਾਂ ਦੇ ਮੋਢਿਆਂ ਉੱਤੇ ਵੀ ਰੱਖੀਆਂ ਗਈਆਂ ਹਨ। ਇਨ੍ਹਾਂ ਜ਼ਿੰਮੇਵਾਰੀਆਂ ਨੂੰ ਹੀ ਮੂਲ ਕਰਤੱਵ ਦਾ ਰੂਪ ਦਿੱਤਾ ਗਿਆ। ਨਿਰਦੇਸ਼ਕ ਸਿਧਾਂਤਾਂ ਵਾਂਗ ਹੀ ਮੂਲ ਕਰਤੱਵਾਂ ਨੂੰ ਕਾਨੂੰਨੀ ਤੌਰ ਉੱਤੇ ਲਾਗੂ ਨਹੀਂ ਕੀਤਾ ਜਾ ਸਕਦਾ। ਪਰ, ਹਾਂ, ਇਨ੍ਹਾਂ ਨੂੰ ਅਮਲ ਵਿੱਚ ਲਿਆਉਣ ਲਈ ਕਾਨੂੰਨ ਬਣਾਉਣੇ ਪੈਣਗੇ ਅਤੇ ਕੁੱਝ ਨਿਰਦੇਸ਼ਾਂ ਤੇ ਕਰਤੱਵਾਂ ਨੂੰ ਅਮਲ ਵਿੱਚ ਲਿਆਉਣ ਲਈ ਕਾਨੂੰਨ ਬਣਾਏ ਵੀ ਗਏ ਹਨ।

ਪਰ, ਮੂਲ ਅਧਿਕਾਰਾਂ ਦੀ ਪ੍ਰਕਿਰਤੀ, ਨਿਰਦੇਸ਼ਕ ਸਿਧਾਂਤਾਂ ਤੇ ਮੂਲ ਕਰਤੱਵਾਂ, ਇਨ੍ਹਾਂ ਦੋਹਾਂ ਨਾਲੋਂ ਬਿਲਕੁਲ ਹੀ ਭਿੰਨ ਹੈ। ਨਿਰਦੇਸ਼ਕ ਸਿਧਾਤ ਰਾਜਾਂ ਦੇ ਨਾਗਰਿਕਾਂ ਪ੍ਰਤੀ ਸਦਾਚਾਰਕ ਜ਼ਿੰਮੇਵਾਰੀ ਦੇ ਸੂਚਕ ਹਨ ਤੇ ਮੂਲ ਕਰਤੱਵ ਨਾਗਰਿਕਾਂ ਦੀ ਰਾਜ/ਰਾਜਾਂ ਪ੍ਰਤੀ ਸਦਾਚਾਰਕ ਜ਼ਿੰਮੇਵਾਰੀ ਦੇ। ਮੂਲ ਅਧਿਕਾਰ ਕੇਵਲ ਸਦਾਚਾਰਕ ਜ਼ਿੰਮੇਵਾਰੀ ਨੂੰ ਹੀ ਨਹੀਂ ਦਰਸਾਂਦੇ, ਬਲਕਿ ਇਨ੍ਹਾਂ ਦੀ ਅਹਿਮੀਅਤ ਕਾਨੂੰਨੀ ਹੈ। ਕੋਈ ਵੀ ਰਾਜ ਜਦੋਂ ਨਾਗਰਿਕ ਨੂੰ ਦਿੱਤੇ ਗਏ ਮੂਲ ਅਧਿਕਾਰਾਂ ਦਾ ਉਲੰਘਣ ਕਰੇ ਉਦੋਂ ਉਹ ਆਪਣੇ ਮੂਲ ਅਧਿਕਾਰਾਂ ਦੀ ਰੱਖਿਆ ਲਈ, ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਲਈ, ਅਦਾਲਤ ਵਿੱਚ ਜਾ ਸਕਦਾ ਹੈ। ਅਰਥਾਤ ਇਹ ਉਹ ਅਧਿਕਾਰ ਹਨ ਜਿਨ੍ਹਾਂ ਨੂੰ ਅਮਲ ਵਿੱਚ ਲਿਆਉਣ ਲਈ ਰਾਜ/ਰਾਜਾਂ ਦੀ ਕਾਨੂੰਨੀ ਤੌਰ ਉੱਤੇ ਜ਼ਿੰਮੇਵਾਰੀ ਲਾਈ ਗਈ ਹੈ।

ਭਾਰਤ ਦੇਸ਼ ਦਾ ਨਾਗਰਿਕ ਹੋਣਾ ਬੜੀ ਜ਼ਿੰਮੇਵਾਰੀ ਦੀ ਗੱਲ ਹੈ। ਇਹ ਜ਼ਿੰਮੇਵਾਰੀ ਇੱਕੋ ਹੀ ਤਰੀਕੇ ਨਾਲ ਨਿਭਾਈ ਜਾ ਸਕਦੀ ਹੈ ਕਿ ਹਰ ਨਾਗਰਿਕ ਮੂਲ ਅਧਿਕਾਰਾਂ ਨੂੰ ਮਾਣਨ ਦੇ ਨਾਲ ਨਾਲ ਮੂਲ ਕਰਤੱਵਾਂ ਦੀ ਪਾਲਣਾ ਕਰਦਿਆਂ ਰਾਸ਼ਟਰੀ ਜੀਵਨ ਵਿੱਚ ਸੰਤੁਲਨ ਕਾਇਮ ਕਰਨ ਵਿੱਚ ਸਹਾਇਕ ਹੋਵੇ।

**ਪਹਿਲਾ ਅਭਿਆਸ**

ੳ ਹੇਠ ਲਿਖੇ ਸਵਾਲਾਂ ਦਾ ਉੱਤਰ ਦਿਓ, ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਲਿਖਣੇ ਹਨ

1 ਭਾਰਤੀ ਸੰਵਿਧਾਨ ਵਿੱਚ ਮੂਲ ਕਰਤੱਵ ਕਿਸ ਦੀ ਸਿਫ਼ਾਰਿਸ਼ ਉੱਤੇ ਅਤੇ ਕਦੋਂ ਸ਼ਾਮਿਲ ਕੀਤੀ ਗਏ ਸਨ ?

..........................................................................................

..........................................................................................

2 ਮੂਲ ਕਰਤੱਵਾਂ ਤੇ ਨਿਰਦੇਸਕ ਸਿਧਾਂਤਾਂ ਵਿੱਚ ਕੋਈ ਸੰਬੰਧ ਹੈ ਜਾਂ ਨਹੀਂ ?

..........................................................................................

..........................................................................................

3 ਮੂਲ ਅਧਿਕਾਰਾਂ ਤੇ ਮੂਲ ਕਰਤੱਵਾਂ ਵਿੱਚ ਕੀ ਫ਼ਰਕ ਹੈ ?

..........................................................................................

..........................................................................................

4 ਮੂਲ ਕਰਤੱਵਾਂ ਨੂੰ ਸੰਵਿਧਾਨ ਵਿੱਚ ਸ਼ਾਮਿਲ ਕਰਨ ਸਮੇਂ ਮੁੱਖ ਉਦੇਸ਼ ਕੀ ਸੀ ?

..........................................................................................

..........................................................................................

5 ਮੂਲ ਕਰਤੱਵ ਸੰਵਿਧਾਨ ਦੇ ਕਿਹੜੇ ਭਾਗ ਵਿੱਚ ਦਰਜ ਹਨ ?

..........................................................................................

..........................................................................................

ਅ ਹੇਠ ਲਿਖੇ ਕਥਨਾਂ ਵਿੱਚ ਜੋ ਸਹੀ ਹਨ, ਉਨ੍ਹਾਂ ਅੱਗੇ (✓) ਤੇ ਜੋ ਗ਼ਲਤ ਹਨ ਉਨ੍ਹਾਂ ਅੱਗੇ (×) ਨਿਸ਼ਾਨ ਲਾਓ :

ੳ) ਮੂਲ ਕਰਤੱਵ ਹਰ ਨਾਗਰਿਕ ਤੇ ਕਾਨੂੰਨੀ ਜ਼ਿੰਮੇਵਾਰੀ ਲਾਉਂਦੇ ਹਨ।

ਅ) ਮੂਲ ਅਧਿਕਾਰ ਰਾਜ/ਰਾਜਾਂ ਵੱਲੋਂ ਨਾਗਰਿਕ/ਨਾਗਰਿਕਾਂ ਨੂੰ ਦਿੱਤੇ ਕਾਨੂੰਨੀ ਅਧਿਕਾਰ ਹਨ।

ੲ) ਨਿਰਦੇਸ਼ਕ ਸਿਧਾਂਤ ਰਾਜ/ਰਾਜਾਂ ਵੱਲੋਂ ਨਾਗਰਿਕ/ਨਾਗਰਿਕਾਂ ਨੂੰ ਦਿੱਤੇ ਗਏ ਸਦਾਚਾਰਕ ਪ੍ਰਣ ਹਨ।

ਸ) ਮੂਲ ਅਧਿਕਾਰਾਂ ਵਾਂਗ ਮੂਲ ਕਰਤੱਵਾਂ ਦੀ ਉਲੰਘਣਾ ਕਾਨੂੰਨੀ ਜੁਰਮ ਹੈ।

ਹ) ਮੂਲ ਕਰਤੱਵਾਂ ਦੀ ਗਿਣਤੀ 20 ਹੈ।

ਕ) ਮੂਲ ਕਰਤੱਵਾਂ ਦੀ ਪਾਲਣਾ ਦੁਆਰਾ ਰਾਸ਼ਟਰੀ ਜੀਵਨ ਵਿੱਚ ਸੰਤੁਲਨ ਕਾਇਮ ਕੀਤਾ ਜਾਂਦਾ ਹੈ।

ਖ) ਕੌਮੀ ਝੰਡੇ ਤੇ ਕੌਮੀ ਗੀਤ ਦਾ ਆਦਰ ਕਰਨਾ ਭਾਰਤੀ ਨਾਗਰਿਕਾਂ ਦੀ ਕਾਨੂੰਨੀ ਜ਼ਿੰਮੇਵਾਰੀ ਹੈ।

ੲ ਹੇਠਲੇ ਵਾਕਾਂ ਦੇ ਥੱਲੇ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦਾਂ ਦੀ ਵਰਤੋਂ ਕਰਦਿਆਂ ਖ਼ਾਲੀ ਥਾਵਾਂ ਭਰੋ :

ੳ) ਕਿਸੇ ਵੀ ਨਾਗਰਿਕ ਵਾਸਤੇ ਸੰਤੁਲਤ ਜੀਵਨ ਜੀਉਣ ਲਈ ............... ਦੀ ਪਾਲਣਾ ਜ਼ਰੂਰੀ ਹੈ। ਮੂਲ ਅਧਿਕਾਰ/ਮੂਲ ਕਰਤੱਵ/ਨਿਰਦੇਸ਼ਕ ਸਿਧਾਂਤ।

ਅ) ਨਿਰਦੇਸ਼ਕ ਸਿਧਾਂਤ ਤੇ ਮੂਲ ਕਰਤੱਵ ਭਾਰਤੀ ਸੰਵਿਧਾਨ ਦੇ ....... ਭਾਗ ਵਿਚ ਦਰਜ ਹਨ। ਦੂਜੇ/ਤੀਜੇ/ਚੌਥੇ।

ੲ) ਮੂਲ ਅਧਿਕਾਰਾਂ ਦੇ ਉਲੰਘਣ ਦਾ ਪ੍ਰਸੰਗ ....... ਨਹੀਂ ਬਲਕਿ ...... ਹੈ। ਰਾਜ/ਵਿਅਕਤੀ/ਨਾਗਰਿਕ।

ਸ) ਮੂਲ ਕਰਤੱਵਾਂ ਦੇ ਪਾਲਣ ਲਈ ਕੇਵਲ .... ਨੂੰ ਹੀ ਪ੍ਰੇਰਿਆ ਜਾ ਸਕਦਾ ਹੈ। ਰਾਜ/ਵਿਅਕਤੀ/ਨਾਗਰਿਕ।

ਹ) ਭਾਰਤ ਦੇ ਹਰ ਨਾਗਰਿਕ ਦਾ ਇਹ ਕਰਤੱਵ ਹੋਵੇਗਾ ਕਿ ਉਹ ਲੋਕ-ਸੰਪਤੀ ਦਾ ਬਚਾਉ ਕਰੇ ਅਤੇ ..... ਦਾ ਤਿਆਗ ਕਰੇ। ਸਮਾਜ/ਅਹਿੰਸਾ/ਹਿੰਸਾ।

## 11.8 ਭਾਸ਼ਾ ਸੰਬੰਧੀ

### 11.8.1 ਬਹੁ ਅਰਥਕ ਸ਼ਬਦ

ਆਮ ਗੱਲਬਾਤ ਕਰਦਿਆਂ ਤੁਸੀਂ ਕਈ ਵਾਰ ਸੁਣਿਆ ਹੋਵੇਗਾ ਕਿ ਪੰਜਾਬੀ ਵਿੱਚ ਹਰ ਗੱਲ ਦੇ ਦੋ ਅਰਥ ਹੁੰਦੇ ਹਨ। ਇਹ ਗੱਲ ਮਜ਼ਾਕ ਦੇ ਤੌਰ ਉੱਤੇ ਕੀਤੀ ਜਾਂਦੀ ਹੈ। ਮਜ਼ਾਕ ਇਕ ਪਾਸੇ ਪਰ, ਗੱਲ ਗ਼ਲਤ ਨਹੀਂ। ਜਿਨ੍ਹਾਂ ਸ਼ਬਦਾਂ ਦੇ ਇਕ ਨਾਲੋਂ ਵਧ, ਅਰਥਾਤ ਦੋ ਅਰਥ ਹੁੰਦੇ ਹਨ, ਉਨ੍ਹਾਂ ਸ਼ਬਦਾਂ ਨੂੰ ਬਹੁਅਰਥਕ ਸ਼ਬਦ ਕਿਹਾ ਜਾਂਦਾ ਹੈ। ਇਸ ਧਾਰਨਾ ਨੂੰ ਵਧੇਰੇ ਸਪਸ਼ਟ ਕਰਨ ਲਈ ਅਸੀਂ ਕੁੱਝ ਉਦਾਹਰਣ ਪੇਸ਼ ਕਰਦੇ ਹਾਂ। 'ਅੰਬ' ਸ਼ਬਦ ਹੀ ਲਓ। ਅੰਬ ਫਲ ਦਾ ਨਾਂ ਵੀ ਹੈ ਅਤੇ ਅੰਬ ਸ਼ਬਦ ਥਕਾਵਟ ਦੇ ਅਰਥਾਂ ਵਿੱਚ ਵੀ ਵਰਤਿਆ ਜਾਂਦਾ ਹੈ; ਜਿਵੇਂ :
ਮੈਨੂੰ ਅੰਬ (ਫਲ) ਬਹੁਤ ਪਸੰਦ ਹੈ।
ਕੰਮ ਕਰਦਿਆਂ ਕਰਦਿਆਂ ਮੇਰੇ ਤਾਂ ਹੱਥ ਵੀ ਅੰਬ (ਥਕ) ਗਏ ਹਨ।

ਇਸੇ ਪ੍ਰਕਾਰ ਅਨੇਕਾਂ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਇਕ ਤੋਂ ਵਧ ਅਰਥ ਕੀਤੇ ਜਾਂਦੇ ਹਨ। ਜਾਂ ਇੱਕ ਤੋਂ ਵੱਧ ਅਰਥਾਂ ਵਿੱਚ ਇਨ੍ਹਾਂ ਨੂੰ ਵਰਤਿਆ ਜਾਂਦਾ ਹੈ। ਉਦਾਹਰਣ ਵਜੋਂ :

ਵਾਰ; ਮੰਗ; ਸਿੱਟਾ; ਹਾਰ; ਡੰਡੀ ਨੂੰ ਲਓ। ਹੁਣ ਅਸੀਂ ਇਨ੍ਹਾਂ ਸ਼ਬਦਾਂ ਨੂੰ ਵਾਕਾਂ ਵਿੱਚ ਵਰਤ ਕੇ ਤੁਹਾਡੇ ਸਾਹਮਣੇ ਪੇਸ਼ ਕਰਦੇ ਹਾਂ ਤਾਂ ਜੋ ਗੱਲ ਨਿਖਰ ਕੇ ਸਾਹਮਣੇ ਆ ਸਕੇ।

**ਵਾਰ** : (ਹਮਲਾ) ਮੇਰਾ ਵਾਰ ਸਹੇਂਗਾ ਤਾਂ ਮੰਨਾਂਗਾ।
**ਵਾਰ** : (ਦਿਨ) ਅੱਜ ਮੰਗਲਵਾਰ ਹੈ।
**ਵਾਰ** : (ਕਾਵਿ-ਰੂਪ) 'ਵਾਰ ਸ੍ਰੀ ਭਗਉਤੀ ਜੀ ਕੀ'—ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਹੈ।

**ਮੰਗ** : (ਮੰਗਵਾ) ਮੈਨੂੰ ਮੰਗਣ ਤੋਂ ਬੜੀ ਸ਼ਰਮ ਆਉਂਦੀ ਹੈ।
**ਮੰਗ** : (ਜਿਸ ਨਾਲ ਮੰਗਣੀ ਹੋਈ ਹੋਵੇ) ਮੇਰੀ ਮੰਗ ਇਸੇ ਪਿੰਡ ਵਿੱਚ ਰਹਿੰਦੀ ਹੈ।

**ਸਿੱਟਾ** : (ਨਤੀਜਾ) ਇਸ ਗੱਲ ਦਾ ਮਾੜਾ ਸਿੱਟਾ ਨਿਕਲੇਗਾ।
**ਸਿੱਟਾ** : (ਛੱਲੀ) ਬਾਜਰੇ ਦਾ ਸਿੱਟਾ ਭੁੰਨ ਕੇ ਲਿਆ।

**ਹਾਰ** : (ਹਾਰਨਾ) ਇਸ ਮੈਚ ਵਿਚ ਤੇਰੀ ਹਾਰ ਯਕੀਨੀ ਹੈ।
**ਹਾਰ** : (ਫੁੱਲਾਂ ਦਾ ਹਾਰ) ਇਸ ਹਾਰ ਦੇ ਫੁੱਲ ਤਾਜ਼ੇ ਨਹੀਂ ਹਨ।

**ਡੰਡੀ** : (ਰਸਤਾ) ਇਸ ਡੰਡੀ ਉੱਤੇ ਚਲਦਿਆਂ ਖੇਤਾਂ ਨੂੰ ਪਹੁੰਚ ਜਾਈਦਾ ਹੈ।
**ਡੰਡੀ** : (ਗਹਿਣਾ) ਮੇਰੀ ਸੋਨੇ ਦੀ ਗਵਾਚੀ ਡੰਡੀ ਮਿਲ ਗਈ ਹੈ।
**ਡੰਡੀ** : (ਤਕੜੀ) ਘਟ ਤੋਲਣ ਵਾਲਿਆਂ ਨੂੰ ਡੰਡੀ ਮਾਰ ਕਹਿੰਦੇ ਹਨ।

**ਦੂਜਾ ਅਭਿਆਸ**
ਹੇਠਾਂ ਕੁਝ ਸ਼ਬਦ ਦਿੱਤੇ ਗਏ ਹਨ। ਇਹ ਸ਼ਬਦ ਇੱਕ ਤੋਂ ਵੱਧ ਅਰਥਾਂ ਵਿੱਚ ਵਰਤੇ ਜਾਂਦੇ ਹਨ। ਇਨ੍ਹਾਂ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਪ੍ਰਕਾਰ ਵਰਤੋ ਕਿ ਇਨ੍ਹਾਂ ਦੇ ਘੱਟੋ ਘੱਟ ਦੋ ਅਰਥ ਸਪਸ਼ਟ ਹੋ ਜਾਣ। ਉੱਤਰ ਲਿਖਣ ਸਮੇਂ ਖ਼ਾਲੀ ਥਾਵਾਂ ਨੂੰ ਵਰਤੋਂ ਵਿਚ ਲਿਆਓ।

1 ਸਾਰ : ..........................................................

ਸਾਰ : ..........................................................

2 ਚਿੱਠੀ : ..........................................................

ਚਿੱਠੀ : ..........................................................

3 ਪਾਲਾ : ..........................................................

ਪਾਲਾ : ..........................................................

4 ਵੱਲ : ..........................................................

ਵੱਲ : ..........................................................

5 ਭਾਗ : ..........................................................

ਭਾਗ : ..........................................................

6 ਬੱਤੀ : ..........................................................

ਬੱਤੀ : ..........................................................

## 11.8.2 ਵਾਕ ਵਟਾਂਦਰਾ

ਗੱਲ ਕਰਨ ਦਾ ਕੋਈ ਇੱਕ ਢੰਗ ਤਾਂ ਹੈ ਨਹੀਂ। ਹਰ ਬੰਦੇ ਦੇ ਗੱਲ ਕਰਨ ਦਾ ਅੰਦਾਜ਼ ਆਪਣਾ ਹੁੰਦਾ ਹੈ। ਕਿਸੇ ਬੰਦੇ ਦਾ ਕੋਈ ਵੀ ਅੰਦਾਜ਼ ਹੋਵੇ ਅਸੀਂ ਕਹੀ ਗੱਲ ਦਾ ਅਰਥ ਸਮਝ ਜਾਂਦੇ ਹਾਂ। ਕੁੱਝ ਬੰਦਿਆਂ ਦੀ ਆਦਤ ਹੁੰਦੀ ਹੈ ਕਿ ਹਰ ਗੱਲ ਨੂੰ ਵਿਸ਼ੇਸ਼ ਅੰਦਾਜ਼ ਵਿੱਚ ਹੀ ਕਹਿੰਦੇ ਹਨ। ਜਿਵੇਂ : ਰੱਬ ਕਰੇ ਤੂੰ ਸੁਖੀ ਵੱਸੇਂ। ਜਦੋਂ ਕੋਈ 'ਰੱਬ ਕਰੇ' ਸ਼ਬਦ ਦਾ ਪ੍ਰਯੋਗ ਕਰ ਰਿਹਾ ਹੁੰਦਾ ਹੈ ਉਹ ਕੁੱਝ ਨਾ ਕੁੱਝ ਚਾਹ ਰਿਹਾ ਹੁੰਦਾ ਹੈ। ਜਿਵੇਂ ਇਸ ਵਾਕ ਵਿੱਚ ਉਹ ਚਾਹੁੰਦਾ ਹੈ ਕਿ ਤੂੰ ਸੁਖੀ ਵਸੇਂ! ਗੱਲ ਚਾਹੁਣ ਦੀ ਹੈ ਪਰ ਸ਼ਬਦ ਵਰਤਿਆ ਜਾ ਰਿਹਾ ਹੈ—ਰੱਬ ਕਰੇ। ਅਸੀਂ 'ਰੱਬ ਕਰੇ' ਸ਼ਬਦ ਨੂੰ ਉਸ ਦੀ 'ਚਾਹ' ਦੇ ਅਰਥਾਂ ਵਿਚ ਬਦਲ ਲਿਆ ਹੈ। ਇਸੇ ਨੂੰ ਵਾਕ-ਵਟਾਂਦਰਾ ਕਹਿੰਦੇ ਹਨ। ਵਾਕ-ਵਟਾਂਦਰੇ ਦੀਆਂ ਕਈ ਕਿਸਮਾਂ ਹਨ। ਪਰ , ਸ਼ਰਤ ਇਹ ਹੈ ਕਿ ਵਾਕ ਦਾ ਵਟਾਂਦਰਾ ਕਰਨ ਨਾਲ ਉਸ ਦੇ ਅਰਥਾਂ ਵਿਚ ਤਬਦੀਲੀ ਨਹੀਂ ਹੋਣੀ ਚਾਹੀਦੀ। ਇਸੇ ਗੱਲ ਨੂੰ ਮੁੱਖ ਰੱਖਦਿਆਂ ਵਾਕ-ਵਟਾਂਦਰੇ ਦੀ ਜੁਗਤ ਦੀ ਪਰਿਭਾਸ਼ਾ ਕਰਦਿਆਂ ਕਿਹਾ ਗਿਆ ਹੈ ਕਿ : ਜਦ ਕਿਸੇ ਵਾਕ ਨੂੰ ਉਸ ਦੇ ਅਰਥ ਬਦਲੇ ਬਿਨਾਂ ਤਬਦੀਲ ਕਰ ਦਿੱਤਾ ਜਾਂਦਾ ਹੈ, ਓਦੋਂ ਅਜਿਹੇ ਕਾਰਜ ਨੂੰ ਵਾਕ-ਵਟਾਂਦਰੇ ਦਾ ਨਾਂ ਦਿੱਤਾ ਜਾਂਦਾ ਹੈ। ਹੁਣ, ਅਸੀਂ ਵਾਕ ਵਟਾਂਦਰੇ ਦੇ ਉਦਾਹਰਣ ਦੇ ਕੇ ਤੁਹਾਡੇ ਨਾਲ ਇਸ ਬਾਰੇ ਗੱਲਬਾਤ ਕਰਾਂਗੇ।

ਮੋਟੇ ਤੌਰ ਤੇ ਵਾਕ-ਵਟਾਂਦਰੇ ਦੀਆਂ ਹੇਠ ਲਿਖੀਆਂ ਕਿਸਮਾਂ ਦੀ ਹੀ ਚਰਚਾ ਕੀਤੀ ਜਾਂਦੀ ਹੈ :

ੳ) ਹਾਂ-ਵਾਚਕ ਤੇ ਨਾਂਹ-ਵਾਚਕ ਵਾਕਾਂ ਦਾ ਵਟਾਂਦਰਾ।
ਅ) ਵਿਸਮਿਕੀ ਤੇ ਸਰਲ ਵਾਕਾਂ ਦਾ ਵਟਾਂਦਰਾ।
ੲ) ਸਾਧਾਰਨ ਵਾਕਾਂ ਦਾ ਸੰਜੁਗਤ ਵਾਕਾਂ ਵਿੱਚ ਵਟਾਂਦਰਾ।
ਸ) ਪ੍ਰਸ਼ਨਿਕ ਤੇ ਸਰਲ ਵਾਕਾਂ ਦਾ ਵਟਾਂਦਰਾ।
ਹ) ਕਰਤਰੀ ਵਾਚ ਤੇ ਕਰਮਵਾਚ ਦਾ ਵਟਾਂਦਰਾ।

ਹੁਣ ਅਸੀ ਇੱਕ-ਇੱਕ ਕਿਸਮ ਨੂੰ ਲੈ ਕੇ ਇਨ੍ਹਾਂ ਦੀ ਸੰਖੇਪ ਚਰਚਾ ਕਰਾਂਗੇ।

**ੳ) ਹਾਂ-ਵਾਚਕ ਤੇ ਨਾਂਹ-ਵਾਚਕ ਵਾਕਾਂ ਦਾ ਵਟਾਂਦਰਾ** : 'ਹਾਂ' ਤੇ 'ਨਾਂਹ', ਇਹ ਦੋ ਸ਼ਬਦ, ਤੁਹਾਨੂੰ ਪਤਾ ਹੀ ਹੈ ਕਿ ਕਿੰਨੇ ਜ਼ਿਆਦਾ ਵਰਤੋਂ ਵਿੱਚ ਆਉਂਦੇ ਹਨ। ਪਰ, ਕੁੱਝ ਲੋਕੀ 'ਨਾਂਹ' ਦਾ ਪ੍ਰਯੋਗ ਕੀਤੇ ਬਿਨਾਂ ਹੀ 'ਨਾਂਹ' ਦੇ ਅਰਥ ਸੁਝਾ ਦੇਂਦੇ ਹਨ। ਅਜਿਹੀ ਵਰਤੋਂ ਨੂੰ ਹੀ 'ਹਾਂ-ਵਾਚਕ' ਕਿਹਾ ਜਾਂਦਾ ਹੈ। 'ਮੇਰੇ ਨਾਲੋਂ ਸਿਆਣਾ ਕੋਈ ਨਹੀਂ'—ਇਸ ਗੱਲ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ : ਮੈਂ ਸਭ ਨਾਲੋਂ ਸਿਆਣਾ ਹਾਂ। ਪਹਿਲਾ ਵਾਕ 'ਨਾਂਹ-ਵਾਚੀ' ਹੈ ਤੇ ਦੂਸਰਾ 'ਹਾਂ-ਵਾਚੀ'। ਪਰ, ਦੋਹਾਂ ਦੇ ਅਰਥਾਂ ਵਿੱਚ ਕੋਈ ਫ਼ਰਕ ਨਹੀਂ। ਬੇਸ਼ਕ ਦੋਹਾਂ ਦਾ ਅੰਦਾਜ਼ ਜ਼ਰੂਰ ਭਿੰਨ ਹੈ। ਕੁੱਝ ਉਦਾਹਰਨ ਵੇਖੋ :

- ਤੇਰੀ ਕਲਮ ਇੰਨੀ ਕੀਮਤੀ ਨਹੀਂ ਜਿੰਨੀ ਕਿ ਮੇਰੀ। (ਨਾਂਹ-ਵਾਚਕ)
  ਮੇਰੀ ਕਲਮ ਤੇਰੀ ਕਲਮ ਨਾਲੋਂ ਜ਼ਿਆਦਾ ਕੀਮਤੀ ਹੈ (ਹਾਂ-ਵਾਚਕ)
- ਤੂੰ ਮੇਰੇ ਨਾਲੋਂ ਤੇਜ਼ ਨਹੀਂ ਦੌੜ ਸਕਦਾ। (ਨਾਂਹ-ਵਾਚਕ)
  ਮੈਂ ਤੇਰੇ ਨਾਲੋਂ ਤੇਜ਼ ਦੌੜਦਾ ਹਾਂ। (ਹਾਂ-ਵਾਚਕ)

**ਅ) ਵਿਸਮਿਕੀ ਤੇ ਸਰਲ ਵਾਕਾਂ ਦਾ ਵਟਾਂਦਰਾ** : ਮਨੁੱਖ ਕਿੰਨਾ ਹੀ ਵਿਦਵਾਨ ਹੋ ਜਾਏ ਉਸ ਵਿੱਚ ਅਗਿਆਨ ਦੀ ਕੁੱਝ ਨਾ ਕੁੱਝ ਮਾਤਰਾ ਤਾਂ ਕਾਇਮ ਹੀ ਰਹਿੰਦੀ ਹੈ। ਬਲਕਿ, ਸੱਚ ਤਾਂ ਇਹ ਹੈ ਕਿ ਜਿਉਂ ਜਿਉਂ ਬੰਦੇ ਦਾ ਗਿਆਨ ਵਧਦਾ ਜਾਂਦਾ ਹੈ ਤਿਉਂ ਤਿਉਂ ਹੀ ਉਸ ਦੇ ਅਗਿਆਨ ਵਿੱਚ ਵੀ ਵਿਕਾਸ ਹੁੰਦਾ ਰਹਿੰਦਾ ਹੈ। ਇਹ ਵਿਕਾਸ ਹੀ ਵਿਸਮੇ ਪੈਦਾ ਕਰਦਾ ਹੈ। ਉਪਮਾ ਦੀ ਵਰਤੋਂ ਨਾਲ ਵਿਸਮੇ ਦੀ ਭਾਵਨਾ ਨੂੰ ਬਿਆਨ ਕਰਨ ਦੇ ਜਤਨ ਹੋਏ ਹਨ। ਜਦੋਂ ਬੰਦੇ ਦਾ ਸਾਰਾ ਗਿਆਨ ਲੂਣ ਦੀ ਡਲੀ ਵਾਂਗ ਸਾਗਰ ਵਿੱਚ ਖੁਰ ਜਾਂਦਾ ਹੈ ਉਦੋਂ ਹੀ ਉਹ ਵਿਸਮੇ ਦੇ ਸਿਖਰ ਉੱਤੇ ਪਹੁੰਚਦਾ ਹੈ। ਰਿਸ਼ੀਆਂ, ਮੁਨੀਆਂ, ਸੰਤਾਂ, ਗੁਰੂਆਂ, ਸੂਫ਼ੀ ਫ਼ਕੀਰਾਂ ਦਾ ਵਿਸਮੇ, ਗਿਆਨ ਦੀ ਇਸੇ ਲੂਣ ਦੀ ਡਲੀ ਦੇ ਸਾਗਰ ਵਿਚ ਖੁਰਣ ਦਾ ਹੀ ਫਲ ਹੈ। ਖ਼ੈਰ, ਇਸ ਪ੍ਰਕਾਰ ਦਾ ਵਿਸਮੇ ਹਰ ਇੱਕ ਨੂੰ ਪ੍ਰਾਪਤ ਨਹੀਂ ਹੁੰਦਾ। ਪਰ, ਵਿਸਮੇ ਕੁਝ ਨਾ ਕੁਝ ਮਾਤਰਾ ਵਿਚ ਮਨੁੱਖੀ ਜੀਵਨ ਵਿੱਚ ਸਦਾ ਹੀ ਕਾਇਮ ਰਹਿੰਦਾ ਹੈ। ਇਹ ਵਿਸਮੇ, ਗੱਲਬਾਤ ਵਿੱਚ ਵੀ ਪ੍ਰਗਟ ਹੁੰਦਾ ਹੈ। 'ਫ਼ੁੱਲ ਕਿੰਨਾ ਸੋਹਣਾ ਹੈ'। ਜਦੋਂ ਕੋਈ ਇਹ ਵਾਕ ਬੋਲਦਾ ਹੈ, ਉਹ ਅਸਲ ਵਿਚ ਵਿਸਮੇ ਹੀ ਪ੍ਰਗਟ ਕਰ ਰਿਹਾ ਹੁੰਦਾ ਹੈ। ਕਿਉਂਕਿ, ਫ਼ੁੱਲ ਦੀ ਸੁੰਦਰਤਾ ਦਾ ਵਿਸ਼ਲੇਸ਼ਣ ਤਾਂ ਉਹ ਕਰ ਹੀ ਨਹੀਂ ਸਕਦਾ। ਤੇ ਜੇ ਫ਼ੁੱਲ ਦਾ ਵਿਸ਼ਲੇਸ਼ਣ ਕਰਨ ਲਗ ਜਾਏ, ਹੋਰ ਸਭ ਕੁੱਝ ਹੱਥ ਲੱਗ ਜਾਏਗਾ, ਪਰ, ਸੁੰਦਰਤਾ ਗਵਾਚ ਜਾਏਗੀ। ਫ਼ੁੱਲ ਦੀ ਸੁੰਦਰਤਾ ਦੀ ਇਹ ਹਕੀਕਤ ਹੀ ਵਿਸਮੇ ਨੂੰ ਜਨਮ ਦੇਂਦੀ ਹੈ। ਕਈ ਵਾਰ ਬੰਦਾ ਵਿਸਮੇ ਦੇ ਅੰਦਾਜ਼ ਵਿਚ ਗੱਲ ਕਰਦਾ ਹੈ ਤੇ ਕਈ ਵਾਰ ਸਾਧਾਰਨ ਤੌਰ ਉੱਤੇ। ਉਦਾਹਰਨ ਵਜੋਂ :

- ਧਰਤੀ ਕਿੰਨੀ ਵਿਸ਼ਾਲ ਹੈ! (ਵਿਸਮਿਕੀ ਵਾਕ)
  ਧਰਤੀ ਬਹੁਤ ਵਿਸ਼ਾਲ ਹੈ। (ਸਰਲ ਵਾਕ)
- ਉਸ ਦੀ ਸ਼ਕਲ ਕਿੰਨੀ ਭਿਆਨਕ ਹੈ ! (ਵਿਸਮਿਕੀ ਵਾਕ)
  ਉਸ ਦੀ ਸ਼ਕਲ ਬੜੀ ਭਿਆਨਕ ਹੈ। (ਸਰਲ ਵਾਕ)

**ੲ) ਸਾਧਾਰਨ ਵਾਕਾਂ ਦਾ ਸੰਜੁਗਤ ਵਾਕਾਂ ਵਿਚ ਵਟਾਂਦਰਾ** : ਮਨੁੱਖ ਮਨ ਦਾ ਪ੍ਰੇਰਿਆ ਹੀ ਜੀਂਦਾ ਹੈ। ਜਿਦ੍ਹਾਂ ਦਾ ਮਨ ਉਦ੍ਹਾਂ ਦੀ ਹੀ ਮਨੁੱਖ ਦੀ ਰਹਿਣੀ ਬਹਿਣੀ। ਅਕਸਰ ਵੇਖਿਆ ਗਿਆ ਹੈ ਕਿ ਮਨੁੱਖ ਦਾ ਮਨ ਬੜਾ ਹੀ ਗੁੰਝਲਦਾਰ ਹੁੰਦਾ ਹੈ। ਗੁੰਝਲਦਾਰ ਮਨ ਦੀ ਹਰ ਹਰਕਤ ਵਿਚ ਗੁੰਝਲ ਹੋਣੀ ਸੁਭਾਵਿਕ ਹੈ। ਸਰਲ ਮਨ ਦੀ ਹਰ ਗੱਲਬਾਤ ਜਾਂ ਬੋਲ-ਚਾਲ ਵਿਚ ਵੀ ਸਰਲਤਾ ਹੋਵੇਗੀ। ਬੇਸ਼ਕ ਸਾਧਾਰਨ ਹੋਣਾ ਸਰਲ ਹੋਣਾ ਨਹੀਂ, ਪਰ ਸਰਲਤਾ ਵਿਚ ਸਧਾਰਨਤਾ ਦੇ ਗੁਣ, ਜ਼ਰੂਰ ਸ਼ਾਮਲ ਹੁੰਦੇ ਹਨ। ਵਾਕ ਵੀ ਸਾਧਾਰਨ ਹੁੰਦੇ ਹਨ। ਪਰ, ਕਈ ਬੰਦੇ ਸਰਲ ਤੇ ਸਾਧਾਰਨ ਵਾਕ ਬੋਲਣ ਵਿਚ ਜਾਂ ਲਿਖਣ ਵਿਚ ਨਿਪੁੰਣ ਨਹੀਂ ਹੁੰਦੇ। ਕਾਰਨ ? ਉਨ੍ਹਾਂ ਦੇ ਮਨ ਦੀ ਬਣਤਰ ਹੀ ਇਹੋ ਜਿਹੀ ਹੁੰਦੀ ਹੈ। ਪਰ, ਕਈ ਵਾਰ ਸ਼ਬਦਾਂ ਦੇ ਸੰਜਮ ਦੇ ਬਹਾਨੇ ਵੀ ਸੰਜੁਗਤ ਵਾਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਵਾਕ ਸੰਜੁਗਤ ਤਾਂ ਬੇਸ਼ਕ ਹੋਵੇ ਪਰ ਗੁੰਝਲਦਾਰ ਨਹੀਂ ਹੋਣਾ ਚਾਹੀਦਾ। ਕੁਝ ਉਦਾਹਰਣ :

- ਇਹ ਬੰਦਾ ਬਹੁਤ ਵਧੀਆ ਹੈ।
- ਇਹ ਬੰਦਾ ਸਿਆਣਾ ਹੈ।

ਇਹ ਦੋਵੇਂ ਵਾਕ ਸਾਧਾਰਨ ਵਾਕ ਹੀ ਕਹੇ ਜਾਣਗੇ। ਲਓ, ਹੁਣ ਅਸੀਂ ਇਨ੍ਹਾਂ ਨੂੰ ਸੰਜੁਗਤ ਵਾਕ ਵਿਚ ਵਟਾ ਕੇ ਪੇਸ਼ ਕਰਦੇ ਹਾਂ।

- ਇਹ ਬੰਦਾ ਬਹੁਤ ਵਧੀਆ ਤੇ ਸਿਆਣਾ ਹੈ।

ਇਸ ਪ੍ਰਕਾਰ ਦੇ ਕਈ ਉਦਾਹਰਣ ਦਿੱਤੇ ਜਾ ਸਕਦੇ ਹਨ।

**ਸਾਧਾਰਨ ਵਾਕ** :

- ਮੈਂ ਕੱਲ੍ਹ ਸ਼ਿਮਲੇ ਗਿਆ ਸੀ।
- ਸ਼ਿਮਲੇ ਵਿਚ ਮੈਂ ਕੱਲ੍ਹ ਬਰਫ਼ ਪੈਂਦੀ ਵੇਖੀ ਸੀ।

**ਸੰਜੁਗਤ ਵਾਕ** :

- ਮੈਂ ਕੱਲ੍ਹ ਸ਼ਿਮਲੇ ਵਿਚ ਬਰਫ਼ ਪੈਂਦੀ ਵੇਖੀ ਸੀ।

**ਸ) ਪ੍ਰਸ਼ਨਿਕ ਤੇ ਸਰਲ ਵਾਕਾਂ ਦਾ ਵਟਾਂਦਰਾ** : ਜੀਵਨ ਵਿਚ ਪ੍ਰਸ਼ਨਾਂ ਦਾ ਬੜਾ ਮਹੱਤਵ ਹੈ। ਕੌਣ ਹੈ ਜਿਨੂੰ ਮੌਤ ਨਹੀਂ ਆਏਗੀ ? ਜਦੋਂ ਕੋਈ ਇਹ ਵਾਕ ਬੋਲਦਾ ਜਾਂ ਲਿਖਦਾ ਹੈ ਤਾਂ ਮਨ ਵਿਚ ਕੁਝ ਤਣਾਉ ਜ਼ਰੂਰ ਪੈਦਾ ਹੁੰਦਾ ਹੈ। ਇਸ ਗੱਲ ਨੂੰ ਬਿਨਾਂ ਤਣਾਉ ਦੇ ਇਸ ਪ੍ਰਕਾਰ ਬੋਲਿਆ ਜਾਂ ਲਿਖਿਆ ਜਾ ਸਕਦਾ ਹੈ :

- ਮੌਤ ਹਰ ਇਕ ਨੂੰ ਆਏਗੀ।

**ਕੁਝ ਮਿਸਾਲਾਂ ਹੋਰ** :

| **ਪ੍ਰਸ਼ਨਿਕ ਵਾਕ** : | **ਸਰਲ ਵਾਕ** : |
| --- | --- |
| • ਕੌਣ ਹੈ ਜਿਨ੍ਹੂੰ ਪੈਸੇ ਦੀ ਲੋੜ ਨਹੀਂ ? | ਹਰ ਇੱਕ ਨੂੰ ਪੈਸੇ ਦੀ ਲੋੜ ਹੈ। |

| | |
|---|---|
| ● ਬਈ, ਤੈਨੂੰ ਕੌਣ ਨਹੀਂ ਜਾਣਦਾ ? | ਬਈ, ਤੈਨੂੰ ਸਭ ਜਾਣਦੇ ਹਨ। |
| ● ਬਿਨਾਂ ਮਿਹਨਤ ਦੇ ਕਿਸੇ ਨੂੰ ਫਲ ਮਿਲਿਐ ? | ਬਿਨਾਂ ਮੇਹਨਤ ਫਲ ਨਹੀਂ ਮਿਲਦਾ। |
| ● ਕੰਮ ਕੀਤੇ ਬਿਨਾਂ ਕਦੀ ਸਰਿਐ ? | ਕੰਮ ਬਿਨਾਂ ਨਹੀਂ ਸਰਦਾ। |

ਹ) **ਕਰਤਰੀ ਵਾਕ ਤੇ ਕਰਮ ਵਾਕ ਦਾ ਵਟਾਂਦਰਾ** : ਜਦੋਂ ਕਿਸੇ ਵਾਕ ਵਿਚਲੇ ਕਰਤਾ ਨੂੰ ਕਰਮ ਵਿਚ ਬਦਲਿਆ ਜਾਂਦਾ ਹੈ, ਓਦੋਂ ਕਰਤਰੀ ਵਾਕ ਨੂੰ ਕਰਮ ਵਿਚ ਬਦਲਨਾ ਕਿਹਾ ਜਾਂਦਾ ਹੈ। ਕੁੱਝ ਉਦਾਹਰਣ ਪੇਸ਼ ਹਨ :

● ਮੈਂ ਪਾਣੀ ਪੀਤਾ।
ਮੈਥੋਂ ਪਾਣੀ ਪੀਤਾ ਗਿਆ।
● ਤੂੰ ਉਸ ਨੂੰ ਮਾਰਿਆ।
ਉਸ ਨੂੰ ਤੈਥੋਂ ਮਾਰ ਪਈ।
● ਬਲਜੀਤ ਨੇ ਫੁੱਲ ਸੁੰਘਿਆ।
ਫੁੱਲ ਬਲਜੀਤ ਤੋਂ ਸੁੰਘਿਆ ਗਿਆ।
● ਮੈਂ ਕਿਤਾਬ ਪੜ੍ਹ ਰਿਹਾ ਹਾਂ।
ਕਿਤਾਬ ਮੈਥੋਂ ਪੜ੍ਹੀ ਜਾ ਰਹੀ ਹੈ।

**ਤੀਜਾ ਅਭਿਆਸ**

ਹੇਠ ਦਿੱਤੇ ਵਾਕਾਂ ਦਾ ਸਰਲ ਵਾਕ ਵਿਚ ਵਟਾਂਦਰਾ ਕਰੋ। ਉੱਤਰ ਖ਼ਾਲੀ ਥਾਵਾਂ ਵਿਚ ਲਿਖੋ।

ੳ) ਤੂੰ ਇੰਨਾ ਸੋਹਣਾ ਨਹੀਂ ਜਿੰਨਾ ਕਿ ਉਹ।

.................................................................

ਅ) ਤੂੰ ਕਿੰਨਾ ਚੰਗਾ ਏਂ!

.................................................................

ੲ) ਮੈਂ ਰੋਟੀ ਨਹੀਂ ਖਾਧੀ!

.................................................................

ਸ) ਮੇਰਾ ਮੁਕਾਬਲਾ ਕੌਣ ਕਰ ਸਕਦਾ ਹੈ ?

.................................................................

ਹ) ਮੈਂ ਕੱਲ੍ਹ ਬਜ਼ਾਰ ਗਿਆ। ਮੈਂ ਕੱਲ ਬਾਜ਼ਾਰੋਂ ਘੜੀ ਖ਼ਰੀਦੀ।

.................................................................

## 11.8.3 ਵਿਸ਼ੇਸ਼ਣ

ਨਾਂਵ ਜਾਂ ਪੜਨਾਂਵ ਦੇ ਗੁਣ ਔਗੁਣ ਜਾਂ ਗਿਣਤੀ-ਮਿਣਤੀ ਦੱਸਣ ਵਾਲੇ ਸ਼ਬਦ ਵਿਸ਼ੇਸ਼ਣ ਅਖਵਾਉਂਦੇ ਹਨ।

**ਵਿਸ਼ੇਸ਼ਣ ਦੀਆਂ ਕਿਸਮਾਂ** :

ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹਨ :

ੳ) ਗੁਣ ਵਾਚਕ ਵਿਸ਼ੇਸ਼ਣ
ਅ) ਸੰਖਿਅਕ ਵਿਸ਼ੇਸ਼ਣ
ੲ) ਪਰਿਮਾਣ ਵਾਚਕ ਵਿਸ਼ੇਸ਼ਣ
ਸ) ਨਿਸ਼ਚੇਵਾਚਕ ਵਿਸ਼ੇਸ਼ਣ
ਹ) ਪੜਨਾਂਵੀਂ ਵਿਸ਼ੇਸ਼ਣ

ਹੁਣ, ਅਸੀਂ ਉਪਰੋਕਤ ਵਿਸ਼ੇਸ਼ਣਾਂ ਬਾਰੇ ਤੁਹਾਨੂੰ ਲੋੜੀਂਦੀ ਜਾਣਕਾਰੀ ਦੇਣਾ ਚਾਹਾਂਗੇ।

**ੳ) ਗੁਣ-ਵਾਚਕ ਵਿਸ਼ੇਸ਼ਣ** : ਗੁਣ, ਔਗੁਣ, ਅਵਸਥਾ, ਰੰਗ, ਆਦਿ ਨੂੰ ਦਰਸਾਉਣ ਵਾਲੇ ਸ਼ਬਦਾਂ ਨੂੰ ਗੁਣਵਾਚਕ ਵਿਸ਼ੇਸ਼ਣ ਕਹਿੰਦੇ ਹਨ । ਜਿਵੇਂ :

| | |
|---|---|
| ਗੁਣ: | ਦਇਆ, ਮਿਠ-ਬੋਲੜਾ, ਆਦਿਕ। |
| ਔਗੁਣ: | ਮਾੜਾ, ਹੰਕਾਰੀ, ਆਦਿਕ। |
| ਸਥਾਨ: | ਹੇਠਲੀ, ਉਪਰਲੀ, ਆਦਿਕ। |
| ਅਵਸਥਾ: | ਤਕੜਾ, ਉਦਾਸ, ਆਦਿਕ। |
| ਦਿਸ਼ਾ: | ਉੱਤਰੀ, ਪੱਛਮੀ, ਆਦਿਕ। |
| ਦੇਸ਼: | ਪਾਕਿਸਤਾਨੀ, ਜਾਪਾਨੀ, ਆਦਿਕ। |
| ਆਕਾਰ: | ਪਤਲਾ, ਠੁੱਲ੍ਹਾ, ਆਦਿਕ। |
| ਰੰਗ: | ਗੋਰਾ, ਲਾਲ, ਆਦਿਕ |
| ਕਾਲ: | ਮੱਧਕਾਲੀ, ਆਧੁਨਿਕ ਆਦਿਕ। |

**ਅ) ਸੰਖਿਆਵਾਚਕ ਵਿਸ਼ੇਸ਼ਣ** : ਨਾਂਵ ਜਾਂ ਪੜਨਾਂਵ ਦੀ ਗਿਣਤੀ, ਦਰਜਾ, ਤੇ ਨਿਖੇੜ ਆਦਿ ਨੂੰ ਸੂਚਿਤ ਕਰਨ ਵਾਲੇ ਸ਼ਬਦਾਂ ਨੂੰ ਸੰਖਿਆਵਾਚਕ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :

| | |
|---|---|
| ਗਿਣਤੀ ਵਾਚਕ: | ਇੱਕ, ਦਸ, ਆਦਿਕ। |
| ਕ੍ਰਮਵਾਚਕ: | ਦੂਜਾ, ਸੌਵਾਂ, ਆਦਿਕ। |
| ਸਮੁੱਚਦਾ ਬੋਧਕ: | ਦੋਵੇਂ, ਸੈਆਂ ਦੇ ਸੈ, ਆਦਿਕ। |
| ਕਸਰੀ: | ਅੱਧਾ, ਡੇਢ, ਆਦਿਕ। |
| ਗੁਣਵਾਚਕ: | ਦੁੱਗਣਾ, ਦਸਗੁਣਾ, ਆਦਿਕ। |
| ਅਨਿਸ਼ਚਿਤ: | ਕਾਫ਼ੀ, ਸਾਰੇ, ਆਦਿਕ। |
| ਨਿਖੇੜਕ: | ਚਾਰ ਚਾਰ, ਹਰ ਇੱਕ, ਆਦਿਕ। |

**ੲ) ਪਰਿਮਾਣ ਵਾਚਕ ਵਿਸ਼ੇਸ਼ਣ** : ਜੋ ਵਿਸ਼ੇਸ਼ਣ ਨਿਸ਼ਚਿਤ ਜਾਂ ਅਨਿਸ਼ਚਿਤ ਰੂਪ ਹੀ ਪ੍ਰਗਟ ਕਰਨ। ਜਿਵੇਂ :
ਨਿਸ਼ਚਿਤ ਪਰਿਮਾਣ ਵਾਚਕ ਵਿਸ਼ੇਸ਼ਣ : ਪੰਜ ਸੇਰ ਤੇਲ, ਚਾਰ ਗਜ਼ ਕਪੜਾ ਆਦਿ।
ਅਨਿਸ਼ਚਿਤ ਪਰਿਮਾਣਵਾਚਕ ਵਿਸ਼ੇਸ਼ਣ : ਬਹੁਤਾ, ਥੋੜੀ, ਆਦਿਕ।

**ਸ) ਨਿਸ਼ਚੇਵਾਚਕ ਵਿਸ਼ੇਸ਼ਣ** : ਜੋ ਵਿਸ਼ੇਸ਼ਣ ਇਸ਼ਾਰੇ ਨਾਲ ਹੀ ਕੰਮ ਸਾਰਦੇ ਹੋਣ, ਉਨ੍ਹਾਂ ਨੂੰ ਨਿਸਚੇਵਾਚਕ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :

ਇਹ ਕੁਰਸੀ, ਉਹ ਕੁੜੀ, ਆਦਿਕ।

**ਹ) ਪੜਨਾਂਵੀਂ ਵਿਸ਼ੇਸ਼ਣ** : ਜੋ ਸ਼ਬਦ ਕਿਸੇ ਨਾਂਵ ਦੀ ਸੰਗਤ ਵਿਚ ਮੂਲ ਰੂਪ ਵਿਚ ਹੀ ਵਿਸ਼ੇਸ਼ਤਾ ਜ਼ਾਹਿਰ ਕਰਨ, ਉਨ੍ਹਾਂ ਨੂੰ ਪੜਨਾਂਵੀਂ ਵਿਸ਼ੇਸ਼ਣ ਦਾ ਨਾਂ ਦਿੱਤਾ ਜਾਂਦਾ ਹੈ। ਇਹ ਦੋ ਪ੍ਰਕਾਰ ਦੇ ਹੁੰਦੇ ਹਨ :

- ਮੂਲ ਰੂਪ ਪੜਨਾਂਵੀਂ ਵਿਸ਼ੇਸ਼ਣ : ਜੋ ਸ਼ਬਦ ਪੜਨਾਵੀਂ ਰੂਪ ਨੂੰ ਹੀ (ਬਦਲ ਕੇ) ਵਿਸ਼ੇਸ਼ਣ ਬਣ ਜਾਣ। ਜਿਵੇਂ : ਕਿਹੜੀ ਗੱਲ ? ਕੌਣ ਬੰਦਾ ? ਆਦਿਕ।
- ਉਤਪੰਨ ਰੂਪ ਪੜਨਾਂਵੀਂ ਵਿਸ਼ੇਸ਼ਣ : ਜੋ ਸ਼ਬਦ ਪੜਨਾਵਾਂ ਤੋਂ ਜਨਮ ਲੈਣ, ਉਨ੍ਹਾਂ ਨੂੰ ਉਤਪੰਨ ਰੂਪ ਪੜਨਾਂਵੀਂ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ : ਉਸ ਦਾ, ਮੇਰਾ, ਆਦਿਕ।

**ਚੌਥਾ ਅਭਿਆਸ**

ਹੇਠ ਦਿੱਤੇ ਸ਼ਬਦ ਕਿਸ ਕਿਸ ਪ੍ਰਕਾਰ ਦੇ ਵਿਸ਼ੇਸ਼ਣ ਨੂੰ ਸੂਚਿਤ ਕਰਦੇ ਹਨ ? ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਲਿਖੋ।

| | | | |
|---|---|---|---|
| ਲੋਭੀ | ........................ | ਥਲਵਾਂ | ........................ |
| ਥੋੜੇ | ........................ | ਭਾਰਤੀ | ........................ |
| ਦਸਵਾਂ | ........................ | ਚੰਗਾ | ........................ |
| ਸੂਹਾ | ........................ | ਪੂਰਬੀ | ........................ |
| ਪੰਜਵਾਂ | ........................ | ਅਜਵਾਂ | ........................ |
| ਚਿੱਟਾ | ........................ | ਇੱਕ | ........................ |
| ਗੋਲ ਮਟੋਲ | ........................ | ਇਹ | ........................ |
| ਦੂਹਰਾ | ........................ | ਅੱਠ-ਅੱਠ | ........................ |
| ਭਲਾ | ........................ | | |

## 11.9 ਸਹਾਇਕ ਪੁਸਤਕਾਂ


**ਭਾਰਤ ਦਾ ਸੰਵਿਧਾਨ** (ਪੰਜਾਬੀ ਵਿਚ), ਪ੍ਰਕਾਸ਼ਨ-ਕੰਟਰੋਲਰ, ਭਾਰਤ ਸਰਕਾਰ, ਸਿਵਲ ਲਾਈਨਜ਼, ਦਿੱਲੀ-6

**ਭਾਰਤ ਦੇ ਸੰਵਿਧਾਨ ਦਾ ਅਨੁਰੂਪਕ** (ਸੰਵਿਧਾਨ ਬਿਤਾਲਵੀਂ ਸੋਧ ਐਕਟ, 1976) ਪ੍ਰਕਾਸ਼ਨ ਕੰਟਰੋਲਰ, ਭਾਰਤ ਸਰਕਾਰ, ਸਿਵਲ ਲਾਈਨਜ਼, ਦਿੱਲੀ

ਭੁਪਿੰਦਰ ਜੀਤ ਕੌਰ, **ਪੰਜਾਬੀ ਵਿਆਕਰਨ ਤੇ ਲਿਖਤ ਰਚਨਾ**, ਸੁਰਜੀਤ ਬੁੱਕ ਡਿਪੋ, ਦਿੱਲੀ


## 11.10 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

ਉ: 1 ਭਾਰਤੀ ਸੰਵਿਧਾਨ ਵਿਚ ਮੂਲ ਕਰਤੱਵ 'ਸਵਰਨ ਸਿੰਘ ਕਮੇਟੀ' ਦੀ ਸਿਫ਼ਾਰਸ਼ਾਂ ਉੱਤੇ ਸੰਵਿਧਾਨ ਦੀ

ਬਿਤਾਲਵੀਂ ਸੋਧ ਐਕਟ, 1976 ਦੇ ਅੰਤਰਗਤ ਸ਼ਾਮਿਲ ਕੀਤਾ ਗਿਆ ਸੀ।

2 ਮੂਲ ਕਰਤੱਵਾਂ ਤੇ ਨਿਰਦੇਸ਼ਕ ਸਿਧਾਂਤਾਂ ਵਿਚ ਬਸ ਇਤਨਾ ਹੀ ਸੰਬੰਧ ਹੈ ਕਿ ਜਿਵੇਂ ਮੂਲ ਕਰਤੱਵ ਨਾਗਰਿਕਾਂ ਲਈ ਕੇਵਲ ਸਦਾਚਾਰਕ ਪ੍ਰਣ ਦਾ ਦਰਜਾ ਰਖਦੇ ਹਨ ਉਸੀ ਪ੍ਰਕਾਰ ਨਿਰਦੇਸ਼ਕ ਸਿਧਾਂਤ ਰਾਜਾਂ ਲਈ ਦਿੱਤੀਆਂ ਗਈਆਂ ਹਦਾਇਤਾਂ ਹਨ। ਦੋਹਾਂ ਦਾ ਕੋਈ ਕਾਨੂੰਨੀ ਦਰਜਾ ਨਹੀਂ। ਕੇਵਲ ਸਦਾਚਾਰਕ ਦਬਾਉ ਦਾ ਹੀ ਕੰਮ ਕਰਦੇ ਹਨ।

3 ਮੂਲ ਅਧਿਕਾਰ ਰਾਜਾਂ ਵੱਲੋਂ ਨਾਗਰਿਕਾਂ ਨੂੰ ਦਿੱਤੇ ਗਏ ਕਾਨੂੰਨੀ ਅਧਿਕਾਰ ਹਨ। ਜਦਕਿ, ਮੂਲ ਕਰਤੱਵ ਨਾਗਰਿਕਾਂ ਵੱਲੋਂ ਦਿੱਤੇ ਗਏ ਰਾਜਾਂ ਨੂੰ ਸਦਾਚਾਰਕ ਪ੍ਰਣ ਹਨ।

4 ਮੂਲ ਕਰਤੱਵਾਂ ਨੂੰ ਸੰਵਿਧਾਨ ਵਿੱਚ ਸ਼ਾਮਿਲ ਕਰਨ ਸਮੇਂ ਮੁਖ ਉਦੇਸ਼ ਇਹੀ ਸੀ ਕਿ ਮੂਲ ਅਧਿਕਾਰਾਂ ਦੇ ਨਾਲ-ਨਾਲ ਮੂਲ ਕਰਤੱਵਾਂ ਨੂੰ ਚੇਤੇ ਕਰਾਉਂਦਿਆਂ ਜ਼ਮੂਹਰੀ ਸੰਤੁਲਨ ਕਾਇਮ ਕੀਤਾ ਜਾ ਸਕੇ।

5 ਮੂਲ ਕਰਤੱਵ ਭਾਰਤੀ ਸੰਵਿਧਾਨ ਦੇ ਭਾਗ ਚਾਰ 'ੳ' ਵਿਚ ਦਰਜ ਹਨ।

ਅ: ੳ) ×
ਅ) ✓
ੲ) ✓
ਸ) ×
ਹ) ×
ਕ) ✓
ਖ) ×

ੲ: ੳ) ਕਿਸੇ ਵੀ ਨਾਗਰਿਕ ਵਾਸਤੇ ਸੰਤੁਲਨ ਜੀਵਨ ਜੀਉਣ ਲਈ ਮੂਲ ਕਰਤੱਵਾਂ ਦੀ ਪਾਲਣਾ ਜ਼ਰੂਰੀ ਹੈ।

ਅ) ਨਿਰਦੇਸਕ ਸਿਧਾਂਤ ਤੇ ਮੂਲ ਕਰਤਵ ਭਾਰਤੀ ਸੰਵਿਧਾਨ ਦੇ ਚੌਥੇ ਭਾਗ ਵਿਚ ਦਰਜ ਹਨ।

ੲ) ਮੂਲ ਅਧਿਕਾਰਾਂ ਦੇ ਉਲੰਘਣ ਦਾ ਪ੍ਰਸੰਗ ਨਾਗਰਿਕ ਜਾਂ ਵਿਅਕਤੀ ਨਹੀਂ ਬਲਕਿ ਰਾਜ ਹੈ।

ਸ) ਮੂਲ ਕਰਤੱਵਾਂ ਦੀ ਪਾਲਣਾ ਲਈ ਕੇਵਲ ਨਾਗਰਿਕਾਂ ਨੂੰ ਹੀ ਪ੍ਰੇਰਿਆ ਜਾ ਸਕਦਾ ਹੈ।

ਹ) ਭਾਰਤ ਦੇ ਹਰ ਨਾਗਰਿਕ ਦਾ ਇਹ ਕਰਤੱਵ ਹੋਵੇਗਾ ਕਿ ਉਹ ਲੋਕ-ਸੰਪਤੀ ਦਾ ਬਚਾਉ ਕਰੇ ਅਤੇ ਹਿੰਸਾ ਦਾ ਤਿਆਗ ਕਰੇ।

**ਦੂਜਾ ਅਭਿਆਸ**

1 **ਸਾਰ** : ਬਹੁਤਾ ਨਾ ਬੋਲ, ਗਲ ਦਾ ਸਾਰ ਦਸ!
**ਸਾਰ** : ਸਭ ਨੂੰ ਆਪਣਾ ਆਪਣਾ ਮਤਲਬ ਸਾਰਨ ਦੀ ਪਈ ਹੋਈ ਹੈ।
2 **ਚਿੱਠੀ** : ਅੱਜ ਡਾਕੀਆ ਕੋਈ ਚਿੱਠੀ ਨਹੀਂ ਲਿਆਇਆ।
**ਚਿੱਠੀ** : ਕੇਲੇ ਦੇ ਛਿਲਕੇ ਤੋਂ ਪੈਰ ਫਿਸਲਣ ਨਾਲ ਉਸ ਦੇ ਗੋਡਿਆਂ ਦੀ ਚਿੱਠੀ ਲਹਿ ਗਈ।
3 **ਪਾਲ** : ਸਾਰੇ ਬੰਦੇ ਪਾਲ ਵਿੱਚ ਖਲੋ ਜਾਵੋ।
**ਪਾਲ** : ਅਜਕਲ ਦੋ ਤੋਂ ਵੱਧ ਬਚਿਆਂ ਦੀ ਪਾਲ ਕਰਨਾ ਬੜਾ ਮੁਸ਼ਕਲ ਹੈ।
4 **ਵੱਲ** : ਉਸ ਨੂੰ ਕੰਮ ਕਢਾਉਣ ਦਾ ਖੂਬ ਵੱਲ ਆਉਂਦਾ ਹੈ।
**ਵੱਲ** : ਤੂੰ ਬੰਦਾ ਠੀਕ ਨਹੀਂ; ਤੇਰੇ ਵੱਲ ਕਢਣੇ ਹੀ ਪੈਣਗੇ।
5 **ਭਾਗ** : ਭਾਗਾਂ ਵਾਲਿਆਂ ਨੂੰ ਹੀ ਵਿਦਿਆ ਪ੍ਰਾਪਤ ਹੁੰਦੀ ਹੈ।
**ਭਾਗ** : ਕਾਰੋਬਾਰ ਵਿਚ ਦੋਹਾਂ ਦਾ ਬਰਾਬਰ ਬਰਾਬਰ ਭਾਗ ਹੈ।
6 **ਬੱਤੀ** : ਮੋਮਬੱਤੀਆਂ ਨਾਲ ਘਰ ਵਿਚ ਰੋਸ਼ਨੀ ਕਰ ਦਿਓ।
**ਬੱਤੀ** : ਕਿਸੇ ਕਿਸੇ ਦੇ ਹੀ ਬੱਤੀ ਦੰਦ ਹੁੰਦੇ ਹਨ।

**ਤੀਜਾ ਅਭਿਆਸ**

ੳ) ਉਹ ਤੇਰੇ ਨਾਲੋਂ ਵੱਧ ਸੋਹਣਾ ਹੈ।
ਅ) ਤੂੰ ਬਹੁਤ ਚੰਗਾ ਏਂ!
ੲ) ਰੋਟੀ ਮੈਥੋਂ ਨਹੀਂ ਖਾਧੀ ਗਈ।
ਸ) ਤੇਰਾ ਕੋਈ ਮੁਕਾਬਲਾ ਨਹੀਂ ਕਰ ਸਕਦਾ।
ਹ) ਮੈਂ ਕਲ ਬਾਜ਼ਾਰ ਜਾ ਕੇ ਘੜੀ ਖਰੀਦੀ।

**ਲੋਭੀ** : ਗੁਣ ਵਾਚਕ (ਔਗੁਣ); **ਥੋੜੇ** : ਪਰਿਮਾਣ ਵਾਚਕ (ਅਨਿਸ਼ਚਿਤ); **ਦਸਵਾਂ** : ਸੰਖਿਆ ਵਾਚਕ (ਕ੍ਰਮ ਵਾਚਕ); **ਸੂਹਾ**: ਗੁਣਵਾਚਕ (ਰੰਗ); **ਭਾਰਤੀ** : ਗੁਣ ਵਾਚਕ (ਦੇਸ਼); **ਚੰਗਾ** : ਗੁਣ ਵਾਚਕ (ਗੁਣ); **ਪੂਰਬੀ** : ਗੁਣ ਵਾਚਕ (ਦੇਸ); **ਅਜਵਾਂ** : ਗੁਣ ਵਾਚਕ (ਕਾਲ); **ਗੋਲ ਮਟੋਲ** : ਗੁਣ ਵਾਚਕ (ਅਕਾਰ), **ਅੱਠ-ਅੱਠ** : ਸੰਖਿਆ ਵਾਚਕ (ਨਿਖੇੜਕ); **ਦੂਹਰਾ** : ਸੰਖਿਆਵਾਚਕ (ਗੁਣ ਵਾਚਕ); **ਇੱਕ** : ਸੰਖਿਆ ਵਾਚਕ (ਗਿਣਤੀ); ਇਹ : ਨਿਸ਼ਚੇ ਵਾਚਕ; **ਪੰਜਵਾਂ** : ਸੰਖਿਆਵਾਚਕ (ਕ੍ਰਮ ਵਾਚਕ); **ਚਿੱਟਾ** : ਗੁਣ ਵਾਚਕ (ਰੰਗ); **ਭਲਾ** : ਗੁਣਵਾਚਕ (ਗੁਣ) ; **ਥਲਵਾਂ** : ਗੁਣਵਾਚਕ (ਸਥਾਨ)